# ਅੰਮ੍ਰਿਤ ਕੀਰਤਨ

ਅੰਕ 4 ਸਾਲ ਤੀਜਾ ਅਪ੍ਰੈਲ 1991



ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# STATEMENT ABOUT THE PUBLICATION OF THE AMRIT KIRTAN

| | | | |
|---|---|---|---|
| 1. | Place of Publication | : | Chandigarh |
| 2. | Periodicty of the Publication | : | Monthly |
| 3. | Printer's, Publisher's & Editor's Name and Address. | : | DR. Jagir Singh<br>422, Sector 15-A,<br>Chandigarh. |
| 4. | Nationality | : | Indian |
| 5. | Owner's Name & Address | : | President Amrit Kirtan Trust,<br>422, Sector 15-A,<br>Chandigarh. |

I Jagir Singh, hereby declare that the Particulars given above are true to the best of my knowledge and belief.

Date 31-3-1991

Jagir Singh
422, 15-A,
Chandigarh

---

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ ਚੰਡੀਗੜ੍ਹ ਦੇ ਪੱਤਰ ਨੰ. 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਅੰਮ੍ਰਿਤ ਕੀਰਤਨ

ਅੰਕ 4 ਸਾਲ ਤੀਜਾ ਅਪ੍ਰੈਲ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 300 ਰੁਪਏ |
| ਜੀਵਨ ਮੈਂਬਰ | 3000 ਰੁਪਏ |

## ਵਿਸ਼ਾ ਪੰਨਾ

1. ਤੁਹਾਡੇ ਪੱਤਰ 4
2. ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ
— ਡਾ. ਜਾਗੀਰ ਸਿੰਘ 6
3. ਆਸਾ ਦੀ ਵਾਰ : ਲੜੀਵਾਰ ਵੀਚਾਰ
— ਪ੍ਰੇਮ ਸਿੰਘ ਪ੍ਰੇਮ 11
4. ਸੱਤੇ ਬਲਵੰਡ ਦੀ ਭੁੱਲ
-ਭਾਈ ਵੀਰ ਸਿੰਘ ਜੀ ਦੀ ਇਕ ਲਿਖਤ 14
5. ਸੰਤ ਰੇਣ ਗਿਆਨੀ ਵਰਿਆਮ ਸਿੰਘ ਆਦਰਸ਼
— ਗੁਰਬਖਸ਼ ਸਿੰਘ ਬਖਸ਼ੀ 19
6. ਸੰਗੀਤਕਾਰ ਭਾਈ ਜਵੰਦ ਸਿੰਘ ਮਹਿਰਾ
— ਬਲਬੀਰ ਸਿੰਘ ਕੰਵਲ 23
7. ਧਰਮਵੀਰ ਨਾਗਰਾ ਦਾ ਸੰਗੀਤ-ਅਧਿਐਨ
— ਪ੍ਰੋ. ਨਵ ਸੰਗੀਤ ਸਿੰਘ 25
8. ਰਾਗ ਸੁਰ-ਲਿਪੀ
— ਸ੍ਰ. ਉੱਤਮ ਸਿੰਘ 28
9. "ਫ਼ਨੇ-ਕੱਵਾਲੀ ਅਤੇ ਇਸ ਫ਼ਨ ਦੇ ਕਲਾਕਾਰ ਕੱਵਾਲ"
– ਟੀ.ਸੀ. ਨਾਗਪਾਲ 30
10. ਸੰਗੀਤ ਸਮਾਚਾਰ 35
11. ਟਾਈਟਲ ਚਿੱਤਰ 'ਆਰਸੀ' ਵਿਚੋਂ ਧੰਨਵਾਦ ਸਹਿਤ

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

ਬਤੌਰ ਪਾਠਕ 'ਅੰਮ੍ਰਿਤ ਕੀਰਤਨ' ਪਰਚੇ ਬਾਰੇ ਆਪਣੀ ਰਾਏ ਭੇਜਣ ਦੀ ਕੋਸ਼ਿਸ਼ ਕਰ ਰਿਹਾ ਸਾਂ, ਪਰ ਅਪਣੇ ਵਿਚਾਰਾਂ ਨੂੰ ਸਹੀ ਤੌਰ ਤੇ ਪੇਸ਼ ਕਰਨਾ ਹਰ ਇਕ ਦੇ ਵੱਸ ਦੀ ਗੱਲ ਨਹੀਂ। ਖੈਰ! ਅਪਣਾ ਪ੍ਰਤੀਕਰਮ ਭੇਜ ਰਿਹਾ ਹਾਂ ਅਤੇ ਜੇ ਇਹ ਵਿਚਾਰ ਸਾਰਥਕ ਹੋਣ ਤਾਂ ਜ਼ਰੂਰ ਪਰਚੇ ਵਿਚ ਲੇਖਕ–ਪਾਠਕ ਫੋਰਮ ਦੇ ਰੂਪ ਵਿਚ, ਜਾਂ ਜਿਸ ਤਰ੍ਹਾਂ ਵੀ ਤੁਸੀਂ ਠੀਕ ਸਮਝੋ, ਸਾਂਝੇ ਕੀਤੇ ਜਾਣ।

ਸਭ ਤੋਂ ਪਹਿਲੀ ਗੱਲ ਕਿ ਮੈਂ ਜਾਨਣਾ ਚਾਹੁੰਦਾ ਹਾਂ ਕਿ 'ਅੰਮ੍ਰਿਤ ਕੀਰਤਨ' ਦਾ "ਕਾਰਜ-ਖੇਤਰ" ਕੀ ਹੈ? ਇਕ ਤਾਂ ਉਹ ਜੋ ਤੁਧਾਂ ਇਹ ਪਰਚਾ ਜਾਂ ਟਰੱਸਟ ਸ਼ੁਰੂ ਕਰਨ ਲੱਗਿਆਂ ਚਿਤਵਿਆ ਹੋਵੇਗਾ ਜਾਂ ਹੁਣ ਸਮੇਂ ਦੇ ਨਾਲ ਜੋ ਤੁਹਾਡੇ ਵਿਚਾਰ ਵਿਚ ਆ ਰਿਹਾ ਹੈ। ਮੇਰੇ ਖਿਆਲ ਵਿਚ ਇਸ ਵਿਸ਼ੇ ਨੂੰ ਪੂਰੀ ਮਹੱਤਤਾ ਅਤੇ ਥਾਂ ਮਿਲਣੀ ਚਾਹੀਦੀ ਹੈ, ਉਦਾਹਰਨ ਦੇ ਤੌਰ ਤੇ ਜੇ ਟਰੱਸਟ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਰਾਗਾਂ ਦਾ ਪ੍ਰਚਾਰ ਅਤੇ ਪਰਸਾਰ ਕਰਨਾ ਹੈ। ਹੋ ਸਕਦਾ ਹੈ ਕਿ ਸ਼ੁਰੂ ਦੇ ਕਿਸੇ ਪਰਚੇ ਵਿਚ 'ਟਰੱਸਟ' ਦਾ ਉਦੇਸ਼ ਅੰਕਤ ਕੀਤਾ ਗਿਆ ਹੋਵੇ ਪਰ ਮੇਰੇ ਵਿਚਾਰ ਵਿਚ ਜੇ ਹਰ ਪਰਚੇ ਵਿਚ ਨਹੀਂ ਤਾਂ ਹਰ ਦੂਜੇ ਪਰਚੇ ਵਿਚ 'ਟਰੱਸਟ' ਦਾ ਸੰਕਲਪ ਦੁਹਰਾਇਆ ਜਾਣਾ ਚਾਹੀਦਾ ਹੈ।

2-ਕੀਰਤਨ ਜੇ ਬਹੁਤ ਉਚ ਪੱਧਰ ਦਾ ਹੋਵੇ ਤਾਂ ਹੀ ਕੀਰਤਨ ਦਾ ਅਸਲ ਮਨੋਰਥ ਪੂਰਾ ਹੁੰਦਾ ਹੈ ਪਰ ਇਸ ਪੱਧਰ ਨੂੰ ਪ੍ਰਾਪਤ ਕਰਨਾ ਬੜਾ ਮਹਿੰਗਾ ਤੇ ਕਠਨ ਹੈ। 'ਅੰਮ੍ਰਿਤ ਕੀਰਤਨ ਟਰੱਸਟ' ਕਿਵੇਂ ਇਸ ਪੱਧਰ ਦੀ ਪ੍ਰਾਪਤੀ ਵਿਚ ਸਹਾਈ ਹੋ ਸਕਦਾ ਹੈ?

3 – ਕੀਰਤਨ ਇਕ ਬਿਲਕੁਲ ਹੀ ਵਿਵਹਾਰਕ ਕਲਾ ਹੈ। ਜਿੰਨਾਂ ਚਿਰ ਪਹਿਲਾਂ ਕਿਸੇ ਉਸਤਾਦ ਤੋਂ ਅਪਣੇ ਸਾਮ੍ਹਣੇ ਨਾ ਸਿੱਖੀ ਜਾਵੇ ਇਸ ਨੂੰ ਸਮਝਣਾ ਬਿਲਕੁਲ ਅਸਭੰਵ ਹੈ। ਇਸ ਸੂਰਤ ਵਿਚ ਜਦ ਕਿ ਇਹ ਕਲਾ ਕਾਫੀ ਲੰਮਾ ਸਮਾਂ ਤੇ ਮਿਹਨਤ ਮੰਗਦੀ ਹੈ ਅਤੇ ਇਸ ਨੂੰ ਸਿੱਖਣ ਦੇ ਸਾਧਨ ਬਸ ਸ਼ਹਿਰਾਂ ਤਕ ਹੀ ਸੀਮਤ ਹਨ, ਪਿੰਡਾਂ ਵਿਚ ਜਾਂ ਦੂਰ ਦੁਰਾਡੇ ਬੈਠੇ ਕੀਰਤਨ ਸਿੱਖਣ ਦੇ ਚਾਹਵਾਨ ਸੱਜਣਾਂ ਨੂੰ ਇਸ ਕਲਾ ਨੂੰ ਸਿੱਖਣ ਦੀਆਂ ਸਹੂਲਤਾਂ ਕਿਵੇਂ ਮਿਲ ਸਕਦੀਆਂ ਹਨ ਆਦਿ ਆਦਿ।

ਉਪਰੋਕਤ ਇਹ ਕੁਝ ਲਿਖਣ ਪਿੱਛੇ ਮੇਰਾ ਆਪਣਾ ਤਜ਼ਰਬਾ ਭਾਰੂ ਹੈ। ਮੈਂ ਬਚਪਨ ਤੋਂ ਹੀ ਕੀਰਤਨ ਸਿਖਣਾ ਚਾਹੁੰਦਾ ਸੀ। ਥੋੜ੍ਹਾ ਮੌਕਾ ਮਿਲਿਆ ਜਦੋਂ ਮੈਂ ਫੌਜ ਵਿਚ ਗਿਆ ਅਤੇ ਉਥੇ ਗੁਰਦੁਵਾਰੇ ਦੇ ਬਾਬਾ ਜੀ ਕਲਾਸੀਕਲ ਸੰਗੀਤ ਦੇ ਮਾਹਿਰ ਸਨ ਅਤੇ ਰਾਗਾਂ ਵਿਚ ਸ਼ਬਦ ਸਿਖਾਉਂਦੇ ਸਨ। ਅਪਣਾ ਹਾਰਮੋਨੀਅਮ ਲੈ ਲਿਆ ਅਤੇ ਰਾਗਾਂ ਵਿਚ ਕੁਝ ਸ਼ਬਦ ਸਿੱਖ ਲਏ ਪਰ ਥਿਊਰੀ ਤੇ ਤਾਲਾਂ ਦੀ ਕੋਈ ਸਮਝ ਨਾ ਪਈ ਤੇ ਨਾ ਹੀ ਕਿਸੇ ਦੱਸਣ ਦੀ ਖੇਚਲ ਕੀਤੀ। ਇਹ ਗੱਲ 1952 ਦੀ ਹੈ। ਫੌਜੀ ਨੌਕਰੀ ਤੋਂ ਪਿੱਛੋਂ ਜਦੋਂ ਮੈਂ ਘਰ ਆਇਆ ਤਾਂ ਟੀਚਰ ਬਣ ਗਿਆ ਅਤੇ ਇਸ ਦੌਰਾਨ "ਸੰਗੀਤ ਕਾਰਯਾਲਾ" ਹੱਥਰਸ (ਯੂ. ਪੀ.) ਤੋਂ ਸੰਗੀਤ ਦੀਆਂ ਕਈ ਕਿਤਾਬਾਂ ਮੰਗਵਾਈਆਂ ਪਰ

ਪੱਲੇ ਕੁਝ ਨਾ ਪਿਆ। ਫਿਰ 1969 ਵਿਚ ਅੰਮ੍ਰਿਤਸਰ 4, 5 ਮਹੀਨੇ ਸਿੱਖਣ ਜਾਂਦਾ ਰਿਹਾ। ਪਰ ਨਾ ਹੀ 'ਸਵਰ ਗਿਆਨ' ਕਰਾਇਆ ਗਿਆ ਤੇ ਨਾ ਹੀ 'ਤਾਲ ਗਿਆਨ'। ਆਖਰ ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਫਿਰ ਸੰਗੀਤ ਸਿੱਖਣ ਦਾ ਉੱਦਮ ਕੀਤਾ ਅਤੇ 1989 ਵਿਚ ਫਿਰ ਅੰਮ੍ਰਿਤਸਰ ਪਹੁੰਚਿਆ। ਚੰਗੇ ਭਾਗਾਂ ਨੂੰ ਮੇਰਾ ਸਿਤਾਰ ਮਾਸਟਰ ਸ੍ਰੀ ਬਲਦੇਵ ਕ੍ਰਿਸ਼ਨ 'ਅੰਧ ਵਿਦਿਆਲਾ' ਅੰਮ੍ਰਿਤਸਰ ਨਾਲ ਸੰਪਰਕ ਹੋ ਗਿਆ ਅਤੇ ਉਨ੍ਹਾਂ ਪਹਿਲਾ ਸਵਰ ਗਿਆਨ ਦਾ ਅਭਿਆਸ ਕਰਾਇਆ। ਉਨ੍ਹਾਂ ਦੀ ਅਗਵਾਈ ਨਾਲ ਮੈਂ ਉਸੇ ਸਾਲ ਬੀ. ਏ. ਵੋਕਲ ਦਾ ਇਮਤਿਹਾਨ ਵੀ ਪਾਸ ਕਰ ਲਿਆ। ਉਨ੍ਹਾਂ ਮੈਨੂੰ ਫਿਰ ਅਗਲੇ ਸਾਲ ਰਾਗਾਂ ਵਿਚ ਕੁਝ ਸ਼ਬਦ ਵੀ ਕਰਵਾਏ, ਫਿਰ ਵੀ ਮੈਂ ਸੰਗੀਤ ਸੰਬੰਧੀ ਅਪਣੀ ਜਾਣਕਾਰੀ ਨੂੰ ਬਹੁਤ ਹੀ ਸੀਮਤ ਸਮਝਦਾ ਹਾਂ, ਉਹ ਇਸ ਕਰਕੇ ਵੀ ਕਿ ਇਥੇ ਪਿੰਡ ਵਿਚ ਜਾਂ ਲਾਗੇ ਤਬਲੇ ਦਾ ਕੋਈ ਉਸਤਾਦ ਨਹੀਂ ਜੋ ਤਬਲੇ ਨਾਲ ਮੇਰੀ Practice ਕਰਵਾ ਸਕੇ।

ਕੀਰਤਨ ਸਬੰਧੀ ਅਪਣੇ ਗਿਆਨ ਵਿਚ ਕਿਵੇਂ ਵਾਧਾ ਕੀਤਾ ਜਾਵੇ ? ਜੀ ਕਰਦਾ ਹੈ ਕਿ ਫਲਾਨਾ ਰਾਗ ਵੀ ਮੈਨੂੰ ਆਉਂਦਾ ਹੋਵੇ। ਘੱਟੋ ਘੱਟ ਉਸਦੇ ਸਰੂਪ ਅਤੇ ਉਤਾਰ ਚੜ੍ਹਾਅ ਦਾ ਅਨੰਦ ਮਾਣਿਆ ਜਾ ਸਕੇ, ਕੀਰਤਨ ਦਾ ਉਹ ਨਮੂਨਾ ਪੇਸ਼ ਕੀਤਾ ਜਾ ਸਕੇ ਜੋ ਵਾਕਈ ਦਿੱਲ ਵਿਚ ਹਲਚਲ ਪੈਦਾ ਕਰਕੇ ਮਨ ਨੂੰ ਵੱਧ ਤੋਂ ਵੱਧ ਪ੍ਰਭਾਵਤ ਕਰੇ।

ਤੁਸਾਂ ਪਿਛਲੇ ਪਰਚਿਆਂ ਵਿਚ 'ਨਿਰਧਾਰਤ ਰਾਗਾਂ' ਵਿਚ ਗਾਏ ਸ਼ਬਦਾਂ ਦੀਆਂ ਕੁਝ ਕੇਸਟਾਂ ਬਾਰੇ ਜਾਣਕਾਰੀ ਦਿੱਤੀ ਸੀ। ਕਿਰਪਾ ਕਰਕੇ ਉਸ ਕੇਸਟ ਦਾ ਨੰਬਰ ਤੇ ਕੰਪਨੀ ਦੇ ਨਾਲ ਨਾਲ ਜ਼ਿਲ੍ਹਾ ਹੈਡ ਕੁਆਟਰਾ ਦੇ ਡੀਲਰ ਦਾ ਵੀ ਜੇ ਪਤਾ ਦਿੱਤਾ ਜਾਵੇ ਤਾਂ ਕੇਸਟ ਖਰੀਦਣ ਵਿਚ ਆਸਾਨੀ ਹੋ ਜਾਂਦੀ ਹੈ। ਲਗਭਗ ਕੀਮਤ ਵੀ ਦੱਸੀ ਜਾਵੇ। ਤੁਸਾਂ ਇਕ ਵਾਰ "ਵੈਲੀ ਦੀ ਗੂੰਜ" ਬਾਰੇ ਜਾਣਕਾਰੀ ਦਿੱਤੀ ਸੀ, ਪਰ ਮੈਨੂੰ ਅੰਮ੍ਰਿਤਸਰੋਂ ਨਹੀਂ ਸੀ ਮਿਲ ਸਕੀ। HMV ਜਾਂ ਕਿਸੇ ਦੂਜੀ ਕੰਪਨੀ ਦੇ ਡੀਲਰਾਂ ਦਾ ਇਕ ਵਾਰ ਪਤਾ ਲਗਣ ਨਾਲ ਸਾਰੀ ਮੁਸ਼ਕਲ ਹੱਲ ਹੋ ਜਾਵੇਗੀ।

ਮੇਰਾ ਖਿਆਲ ਹੈ 'ਰਾਗ,' 'ਤਾਲ' ਤੇ 'ਨਿਰਧਾਰਤ ਰਾਗਾਂ' ਵਿਚ ਕੀਰਤਨ ਦੇ ਸਿੱਖਣ ਲਈ 'ਕੇਸਟਾਂ ਦਾ ਤਰੀਕਾ" ਹੀ ਸਹਾਈ ਹੋ ਸਕਦਾ ਹੈ। ਤਾਲਾਂ ਬਾਰੇ ਜਾਣਕਾਰੀ ਬਗੈਰ ਕੀਰਤਨ ਸਿਖਣਾ ਜਾਂ ਕਰਨਾ ਮੁਸ਼ਕਲ ਹੈ। ਮੇਰੀ ਹਾਲਤ ਤੋਂ ਆਪ ਨੂੰ ਹੋਰ ਪਾਠਕਾਂ ਦੀ ਹਾਲਤ ਬਾਰੇ ਪਤਾ ਲੱਗ ਸਕਦਾ ਹੈ। ਕਿਵੇਂ ਅੰਮ੍ਰਿਤ ਕੀਰਤਨ ਟ੍ਰਸਟ ਕੀਰਤਨ ਦੇ ਪਰਚਾਰ, ਪ੍ਰਸਾਰ ਲਈ ਸਹਾਈ ਹੋ ਸਕਦਾ ਹੈ ? ਇਸ ਵਿਸ਼ੇ ਤੇ ਪਾਠਕਾਂ ਨੂੰ ਅਪਣੇ ਵਿਚਾਰ ਪੇਸ਼ ਕਰਨ ਜਾਂ ਇਸ ਸਬੰਧੀ ਆਉਂਦੀਆਂ ਮੁਸ਼ਕਲਾਂ ਸਾਂਝੀਆਂ ਕਰਨ ਲਈ ਪਾਠਕ-ਲੇਖਕ ਫੋਰਮ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਜਿਲ੍ਹਾਵਾਰ ਪਾਠਕਾਂ ਦਾ ਸੰਪਰਕ ਕਰਾਉਣ ਵਿਚ ਕੋਈ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਸਬੰਧੀ ਵਿਦਵਾਨ ਕੀਰਤਨਕਾਰਾਂ ਨੂੰ ਇਸ ਮਿਸ਼ਨਰੀ ਕਾਰਜ ਲਈ ਕੋਈ ਯੋਗਦਾਨ ਪਾਉਣ ਲਈ ਪ੍ਰੇਰਿਆ ਜਾਣਾ ਚਾਹੀਦਾ ਹੈ, ਆਦਿ। ਉਪਰੋਕਤ ਵਿਚਾਰ ਇਸ਼ਾਰੇ ਮਾਤਰ ਹਨ। ਤੁਹਾਡੀ ਅਤੇ ਸਾਡੀ ਸਮਰਥਾ ਇਸ ਕੰਮ ਨੂੰ ਕਿਵੇਂ ਅੱਗੇ ਤੋਰ ਸਕਦੀ ਹੈ ? ਇਸ ਬਾਰੇ ਨਿਰੰਤਰ ਗੱਲ ਹੋਣੀ ਚਾਹੀਦੀ ਹੈ।

—ਮਾਸਟਰ ਹੀਰਾ ਸਿੰਘ,
ਪਿੰਡ ਸੁਰ ਸਿੰਘ, ਜਿਲ੍ਹਾ ਅੰਮ੍ਰਿਤਸਰ

# ਗੁਰੂ ਕਾਵਿ ਦੀ ਧਾਰਮਿਕ ਤੇ ਸੰਗੀਤਕ ਪਿੱਠ-ਭੂਮੀ

- ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

**ਗੁਰੂ ਕਾਵਿ :** ਭਗਤੀ ਕਾਵਿ ਪਰੰਪਰਾ ਦੇ ਸੰਦਰਭ ਵਿੱਚ ਗੁਰੂ ਕਾਵਿ ਦਾ ਅਧਿਐਨ ਕਰਦਿਆਂ ਅਸੀਂ ਇਹ ਵੇਖਦੇ ਹਾਂ ਕਿ ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿ ਰੂਪਾਂ ਵਿੱਚੋਂ ਬਹੁਤਿਆਂ ਦਾ ਗੁਰੂ ਸਾਹਿਬਾਨ ਤੋਂ ਪਹਿਲਾਂ ਰਚੇ ਕਾਵਿ ਵਿੱਚ ਪ੍ਰਯੋਗ ਹੋਇਆ ਹੈ।

ਗੁਰੂ ਕਾਵਿ ਵਿਚ ਲੱਗ ਭਗ 32 ਕਾਵਿ ਰੂਪਾਂ ਦੇ ਸੰਕੇਤ ਮਿਲਦੇ ਹਨ। ਇਹ ਸੰਕੇਤ ਵੱਖ ਵੱਖ ਥਾਵਾਂ ਤੇ ਸਿਰਲੇਖਾਂ ਦੇ ਰੂਪ ਵਿਚ ਦਿੱਤੇ ਗਏ ਹਨ, ਜਿਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ :—

ਓਅੰਕਾਰ, ਆਰਤੀ, ਅਲਾਹੁਣੀਆਂ, ਅਨੰਦ, ਅਸ਼ਟਪਦੀ, ਅੰਜਲੀਆਂ, ਸੋਦਰ, ਸੋ ਪੁਰਖ, ਸੋਹਿਲਾ, ਸੁਚਜੀ, ਸਿਧ ਗੋਸਟਿ, ਸੁਖਮਨੀ, ਕੁਚਜੀ, ਕਰਹਲੇ ਗੁਣਵੰਤੀ, ਘੋੜੀਆਂ, ਛੰਤ, ਜਪੁ, ਦਿਨ ਰੈਣ, ਪਹਿਰੇ, ਪੱਟੀ, ਪਦੇ, ਫੁਨਹੇ, ਬਾਵਨ ਅੱਖਰੀ, ਬਾਰਹਮਾਹ, ਮੰਗਲ, ਮੁਦਾਵਣੀ, ਰੁਤੀ, ਵਾਹ ਸਤ (ਸਤਵਾਰਾ) ਅਤੇ ਸਲੋਕ।

ਇਹਨਾਂ ਸਿਰਲੇਖਾਂ ਦੇ ਨਾਲ ਨਾਲ ਪਦਿਆਂ ਦੇ ਆਕਾਰ ਦੇ ਆਧਾਰ ਤੇ ਦੁਪਦੇ, ਤਿਪਦੇ, ਚਉਪਦੇ, ਪੰਚ ਪਦੇ, ਛਿਪਦੇ, ਇਕ ਤੁਕੇ, ਦੁਤੁਕੇ ਆਦਿ ਸਿਰਲੇਖਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ।

ਉਪਰੋਕਤ ਕਾਵਿ ਰੂਪਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਦੇ ਅਸ਼ਟਪਦੀਆਂ, ਛੰਤ, ਸਲੋਕਾਂ ਦੇ ਨਾਲ ਨਾਲ ਜਿਹੜੇ ਵਿਸ਼ੇਸ਼ ਕਾਵਿ ਰੂਪ ਪ੍ਰਯੋਗ ਹੋਏ ਹਨ, ਉਹਨਾਂ ਦੇ ਨਾਂ ਇਸ ਪ੍ਰਕਾਰ ਹਨ : ਜਪੁ, ਪਹਰੇ, ਪੱਟੀ ਅਲਾਹੁਣੀਆਂ, ਆਰਤੀ, ਸੁਚੱਜੀ, ਥਿਤੀ, ਓਅੰਕਾਰ, ਸਿਧ ਗੋਸਟਿ, ਸੋਹਲੇ, ਬਾਰਹਮਾਹਾ ਅਤੇ ਵਾਰਾਂ।

ਗੁਰੂ ਨਾਨਕ ਦੇਵ ਜੀ ਨੇ ਪਦੇ, ਅਸਟਪਦੀਆਂ, ਪੱਟੀ, ਥਿਤੀ, ਓਅੰਕਾਰ, ਸਿਧ ਗੋਸਟਿ ਅਤੇ ਬਾਰਹਮਾਹਾ ਕਾਵਿ ਰੂਪ ਭਾਰਤੀ ਕਾਵਿ ਪਰੰਪਰਾ ਵਿੱਚੋਂ ਲਏ ਹਨ।

ਪਦਿਆਂ ਅਤੇ ਅਸ਼ਟਪਦੀਆਂ ਦਾ ਪ੍ਰਯੋਗ ਵੈਸ਼ਣਵ ਸਾਹਿਤ ਵਿੱਚੋਂ ਹੋਇਆ ਹੈ। ਵੈਸ਼ਣਵ ਸਾਹਿਤ ਵਿੱਚ ਅਸਤਪਦੀਆਂ ਅਤੇ ਅਸਟਪਦੀਆਂ ਦਾ ਬਹੁਤ ਪ੍ਰਚਲਨ ਰਿਹਾ ਹੈ। ਜੈ ਦੇਵ ਨੇ 'ਗੀਤ ਗੋਬਿੰਦ' ਵਿੱਚ ਅਸਟਪਦੀ

ਕਾਵਿ ਰੂਪ ਪ੍ਰਯੋਗ ਕੀਤਾ ਹੈ।[1] ਸਿੱਧਾਂ ਨੇ ਆਪਣੇ ਕਾਵਿ ਵਿੱਚ ਚਰਯਾਪਦ, ਸਰਹਪਾਦ, ਭੁਸਕਪਾਦ, ਲੁਈਪਾਦ, ਕਣਹਪਾਦ ਆਦਿ ਪਦਿਆਂ ਦਾ ਪ੍ਰਯੋਗ ਕੀਤਾ ਹੈ।[2]

ਗੁਰੂ ਨਾਨਕ ਦੇਵ ਜੀ ਨੇ ਆਰਤੀ, ਥਿਤੀ ਅਤੇ ਸਿੱਧ ਗੋਸਟਿ ਕਾਵਿ ਰੂਪ ਵੀ ਪੂਰਵ ਵਰਤੀ ਪਰੰਪਰਾ ਤੋਂ ਪ੍ਰਾਪਤ ਕੀਤੇ ਹਨ।

ਗੋਰਖ ਬਾਣੀ ਵਿਚ ਆਰਤੀ[3] ਪੰਦਰਹ ਥਿਤੀ[4] ਅਤੇ ਗੋਰਖ ਮਛੰਦਰ ਬੋਧ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਕਾਵਿ ਰੂਪਾਂ ਦੇ ਪ੍ਰੇਰਨਾਂ ਸਰੋਤ ਲਗਦੇ ਹਨ। 'ਗੋਸਟਿ' ਦੀ ਸੰਵਾਦ ਸ਼ੈਲੀ ਤਾਂ ਸਿਧਾਂ ਦਾ ਆਪਣਾ ਆਵਿਸ਼ਕਾਰ ਹੈ।[5]

'ਬਾਰਹਮਾਹ' ਕਾਵਿ ਰੂਪ ਪੁਰਾਤਨ ਭਾਰਤੀ ਕਾਵਿ ਵਿਚ ਪ੍ਰਚਲਿਤ ਰਿਹਾ ਹੈ। ਬਾਰਹਮਾਹ ਦਾ ਵਿਕਾਸ ਸੰਸਕ੍ਰਿਤ ਸਾਹਿਤ ਦੇ 'ਸ਼ਟ ਰਿਤੁ' ਵਰਣਨ ਤੋਂ ਹੀ ਹੋਇਆ ਹੈ। ਜੈਨ ਕਵੀ ਵਿਜੇ ਚੰਦ ਸਰਿ (1200 ਈ.) ਇਸ ਪਰੰਪਰਾ ਦੇ ਆਰੰਭਕ ਕਵੀਆਂ ਵਿੱਚੋਂ ਹੈ।[6] ਗੁਰੂ ਨਾਨਕ ਕਾਲ ਵਿੱਚ ਮਲਿਕ ਮੁਹੰਮਦ ਜਾਇਸੀ (ਦੇਹਾਂਤ 1540 ਈ:) ਦਾ ਲਿਖਿਆ ਬਾਰਹਮਾਹ ਕਾਫੀ ਪ੍ਰਸਿੱਧ ਹੈ [7]।

'ਪੱਟੀ' ਅਤੇ 'ਓਅੰਕਾਰ' ਦੋਹਾਂ ਕਾਵਿ ਰੂਪਾਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਵਰਣਮਾਲਾ ਅਨੁਸਾਰੀ ਕਾਵਿ ਰਚਨਾ ਕਰਨ ਦੀ ਵਿਧੀ ਅਪਣਾਈ ਹੈ।

ਵਰਣਮਾਲਾ ਅਨੁਸਾਰ ਕਾਵਿ ਰਚਨਾ ਕਰਨ ਦੀ ਪ੍ਰਥਾ ਕਾਫੀ ਪੁਰਾਣੀ ਹੈ। ਸੰਸਕ੍ਰਿਤ ਸਾਹਿਤ ਵਿੱਚ 'ਚਤ੍ਰੀਸੀ' 'ਅਕਸ਼ਰੀ' ਪ੍ਰਚਲਤ ਹੋਈ ਜਿਸ ਨੇ ਹਿੰਦੀ ਵਿੱਚ ਬਾਵਨ ਅੱਖਰੀ ਅਤੇ ਪੰਜਾਬੀ ਵਿੱਚ 'ਪੱਟੀ' ਦਾ ਰੂਪ ਧਾਰਨ ਕਰ ਲਿਆ। ਇਹ ਕਾਵਿ ਰੂਪ ਯਹੂਦੀਆਂ ਵਿੱਚ 'ਐਲਫਾਬੇਟ' ਪੋਇਮ ਅਤੇ ਫਾਰਸੀ ਵਿੱਚ 'ਸੀਹਰਫ਼ੀ' ਨਾਮ ਹੇਠ ਪ੍ਰਚਲਤ ਰਿਹਾ।

**ਸਲੋਕ** : ਇਸ ਕਾਵਿ ਰੂਪ ਦਾ ਗੁਰੂ ਕਾਵਿ ਵਿੱਚ ਬੜੇ ਵਿਸਤ੍ਰਿਤ ਰੂਪ ਵਿੱਚ ਪ੍ਰਯੋਗ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਹੀ 258 ਸਲੋਕਾਂ ਦੀ ਰਚਨਾ ਕੀਤੀ ਕਾਹਨ ਸਿੰਘ ਨਾਭਾ ਅਨੁਸਾਰ ਸਲੋਕ ਦਾ ਸ਼ਾਬਦਿਕ ਅਰਥ ਪ੍ਰਸੰਸਾ, ਉਸਤਤੀ ਆਦਿ ਹੈ।[9] ਇਹ ਪੰਜਾਬੀ ਦਾ ਸਭ ਤੋਂ ਪ੍ਰਾਚੀਨ ਤੇ ਲੋਕ ਪ੍ਰਿਯ ਕਾਵਿ ਰੂਪ ਹੈ। ਇਸ ਦੀ ਪਰੰਪਰਾ ਵੈਦਿਕ ਕਾਲ ਨਾਲ ਜਾ ਜੁੜਦੀ ਹੈ। ਮੱਧ ਕਾਲ ਵਿੱਚ ਨੀਤੀ ਤੇ ਆਚਾਰ ਵਿਹਾਰ ਦਾ ਅਭਿਵਿਅਕਤ ਵਧੇਰੇ ਸਲੋਕਾਂ ਦੁਆਰਾ ਹੀ ਹੁੰਦਾ ਰਿਹਾ ਹੈ। ਭਰਥਰੀ ਹਰੀ ਦੇ ਤਿੰਨ ਸ਼ਤਕ ਸਲੋਕਾਂ ਵਿਚ ਹੀ ਹਨ।[10]

ਗੁਰੂ ਨਾਨਕ ਦੇਵ ਜੀ ਦੇ ਅਪਣਾਏ ਪਹਿਰੇ, ਛੰਤ, ਅਲਾਹੁਣੀਆਂ, ਸੁਚੱਜੀ, ਕੁਚੱਜੀ ਅਤੇ ਸੋਹਿਲਾ ਕਾਵਿ ਰੂਪਾਂ ਦਾ ਸੰਬੰਧ ਪੰਜਾਬ ਦੀ ਕਾਵਿ ਪਰੰਪਰਾ

ਨਾਲ ਹੈ। ਗੁਰੂ ਨਾਨਕ ਦੇਵ ਜੀ ਰਾਹੀਂ ਲੋਕ-ਕਾਵਿ ਪਰੰਪਰਾ ਦੇ ਇਹਨਾਂ ਕਾਵਿ ਰੂਪਾਂ ਨੂੰ ਅਪਣਾਉਣਾ ਇਕ ਵਿਲੱਖਣਤਾ ਹੈ।

'ਪਹਿਰੇ' ਕਾਵਿ ਰੂਪ ਦਿਨ ਦੇ ਚਾਰ ਪਹਿਰਾਂ ਨਾਲ ਸੰਬੰਧਤ ਕਾਵਿ ਰੂਪ ਹੈ। ਛੰਤ ਖੁਸ਼ੀ ਦੇ ਸਮੇਂ ਗਾਇਆ ਜਾਣ ਵਾਲਾ ਅਤੇ ਅਲਾਹੁਣੀਆਂ ਕਿਸੇ ਦੀ ਮੌਤ ਸਮੇਂ ਗਾਈਆਂ ਜਾਂਦੀਆਂ ਹਨ। ਸੁਚੱਜੀ, ਕੁਚੱਜੀ ਵਿੱਚ ਲੋਕ-ਕਾਵਿ ਸ਼ੈਲੀ ਵਿੱਚ ਇਸਤਰੀ ਦੇ ਗੁਣ ਔਗੁਣ ਦੱਸੇ ਗਏ ਹਨ।

ਸੋਹਿਲੇ ਖੁਸ਼ੀ ਦੇ ਸਮੇਂ ਗਾਏ ਜਾਂਦੇ ਹਨ। ਖਾਸ ਕਰਕੇ ਬੱਚੇ ਦੇ ਜਨਮ ਸਮੇਂ ਇਹਨਾਂ ਦਾ ਗਾਇਨ ਹੁੰਦਾ ਹੈ। ਕੁਝ ਵਿਦਵਾਨ 'ਸੋਹਿਲਾ' ਸ਼ਬਦ ਦਾ ਸੰਬੰਧ ਸੰਸਕ੍ਰਿਤ ਦੇ 'ਸ਼ਤਿਕ-ਗ੍ਰਹਿ' ਅਤੇ ਪ੍ਰਾਕ੍ਰਿਤ ਦੇ 'ਸੁਇਹਰ' ਸ਼ਬਦ ਨਾਲ ਜੋੜਦੇ ਹਨ।[11]

ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਪ੍ਰਸਿੱਧ ਲੋਕ-ਕਾਵਿ ਰੂਪ ਵਾਰ ਨੂੰ ਆਪਣੇ ਅਧਿਆਤਮਕ ਕਾਵਿ ਲਈ ਪ੍ਰਯੋਗ ਕਰਕੇ 'ਵਾਰ' ਵਿਚ ਨਵੀਆਂ ਸੰਭਾਵਨਾਵਾਂ ਦੀ ਸਿਰਜਣਾ ਕੀਤੀ ਹੈ। 'ਵਾਰ' ਕਾਵਿ ਰੂਪ ਪਹਿਲਾਂ ਢਾਢੀਆਂ ਰਾਹੀਂ ਕੁਝ ਖਾਸ ਸੂਰਮਿਆਂ ਦੀ ਉਸਤਤੀ ਵਿੱਚ ਰਚਿਆ ਜਾਂਦਾ ਹੈ, ਪਰ ਬਾਅਦ ਵਿਚ ਇਹੀ ਵਾਰਾਂ ਲੋਕ-ਕਾਵਿ ਦੀ ਪਦਵੀ ਧਾਰਨ ਕਰ ਲੈਂਦੀਆਂ ਹਨ। ਪੰਜਾਬੀ ਵਿਚ ਗੁਰੂ ਕਾਲ ਵਿਚ ਕੁਝ ਖ਼ਾਸ ਵਾਰਾਂ ਪ੍ਰਚਲਤ ਸਨ। ਗੁਰੂ ਨਾਨਕ ਦੇਵ ਜੀ ਦੀਆਂ ਰਚੀਆਂ ਤਿੰਨੇ ਵਾਰਾਂ ਨੂੰ ਪੁਰਾਤਨ ਪ੍ਰਚਲਤ ਲੋਕ ਵਾਰਾਂ ਦੀਆਂ ਧੁਨੀਆਂ ਤੇ ਗਾਉਣ ਦੀ ਪ੍ਰੇਰਣਾ ਦਿੱਤੀ ਗਈ ਹੈ :

1. ਵਾਰ ਮਾਝ ਕੀ ਤਥਾ ਸਲੋਕ ਮਹਲਾ ੧
   ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।[12]
2. ਆਸਾ ਮਹਲਾ ੧
   ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੇ ਕੀ ਧੁਨੀ।[13]
3. ਵਾਰ ਮਲਾਰ ਮਹਲਾ ੧
   ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ।[14]

ਜਪੁ : ਜਪੁ ਜੀ ਗੁਰੂ ਕਾਵਿ ਦੀ ਸਭ ਤੋਂ ਵਿਲੱਖਣ ਰਚਨਾ ਹੈ। ਇਸ ਰਚਨਾ ਨੂੰ ਭਾਵੇਂ ਬਹੁਤੇ ਵਿਦਵਾਨ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੀ ਮੰਨਦੇ ਹਨ, ਪਰ ਇਸ ਦੇ ਅੰਦਰੋਂ ਤਿੰਨ ਰਚਨਾਕਾਰਾਂ ਦੇ ਹਵਾਲੇ ਮਿਲਦੇ ਹਨ। ਇਸ ਰਚਨਾ ਦਾ ਪਹਿਲਾ ਸਲੋਕ[15] ਗੁਰੂ ਅਰਜਨ ਦੇਵ ਰਚਿਤ 'ਸੁਖਮਨੀ'[16] ਵਿੱਚ ਵੀ ਪ੍ਰਾਪਤ ਹੁੰਦਾ ਹੈ। ਇਸ ਦਾ ਆਖਰੀ ਸਲੋਕ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ' ਗੁਰੂ ਅੰਗਦ ਦੇਵ ਜੀ ਦੇ ਨਾਮ

(ਮਹਲਾ ੨) ਹੇਠ ਦਰਜ ਕੀਤਾ ਗਿਆ ਹੈ।[17] ਇਸ ਦੀ ਸਤਾਈਵੀਂ ਪਉੜੀ 'ਸੌਦਰ' ਸਿਰਲੇਖ ਹੇਠ ਗੁਰੂ ਨਾਨਕ ਦੇਵ ਜੀ (ਮਹਲਾ ੧) ਦੇ ਨਾਲ ਸੰਬੰਧਤ ਹੈ।[13]

ਇਸੇ ਤਰ੍ਹਾਂ ਭਾਵੇਂ ਇਸ ਰਚਨਾ ਉਪਰ ਕਿਸੇ ਰਾਗ ਦਾ ਉਲੇਖ ਨਹੀਂ ਕੀਤਾ ਗਿਆ ਪਰ ਫਿਰ ਵੀ ਇਹ ਉਪਰ ਦੱਸੇ ਅਨੁਸਾਰ ਮਾਝ ਅਤੇ ਆਸਾ ਰਾਗਾਂ ਨਾਲ ਸੰਬੰਧਤ ਹੈ।

ਉਪਰੋਕਤ ਅਧਿਐਨ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਪੁਰਾਤਨ ਕਾਵਿ ਰੂਪਾਂ ਵਿਚ ਆਪਣੀ ਕਾਵਿ ਰਚਨਾ ਦਾ ਉਚਾਰਣ ਕੀਤਾ ਹੈ, ਉਥੇ ਲੋਕ-ਕਾਵਿ ਰੂਪਾਂ ਦੇ ਆਧਾਰ ਤੇ ਨਵੇਂ ਕਾਵਿ ਰੂਪਾਂ ਦੀ ਸਿਰਜਣਾ ਵੀ ਕੀਤੀ ਹੈ। ਇਹਨਾਂ ਸਾਰੇ ਕਾਵਿ ਰੂਪਾਂ ਦਾ ਪ੍ਰਯੋਗ ਵਿਸ਼ੇ ਪੱਖ ਤੋਂ ਤਾਂ ਨਵਾਂ ਹੈ ਹੀ, ਇਹਨਾਂ ਦੇ ਨਾਲ ਰਾਗਾਂ ਨੂੰ ਸੰਬੰਧਤ ਕਰਨ ਨਾਲ ਇਹਨਾਂ ਦੇ ਰੂਪਕ ਪੱਖ ਵਿਚ ਵੀ ਨਵੀਨਤਾ ਆ ਗਈ ਹੈ।

ਗੁਰੂ ਅੰਗਦ ਦੇਵ ਜੀ ਨੇ ਕੇਵਲ 'ਸਲੋਕ' ਕਾਵਿ ਰੂਪ ਵਿੱਚ ਕਾਵਿ ਰਚਨਾ ਕੀਤੀ ਹੈ। ਇਸ ਕਾਵਿ ਰੂਪ ਦੀ ਬਣਤਰ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਵਾਲੀ ਹੀ ਰੱਖੀ ਹੈ।

ਗੁਰੂ ਅਮਰ ਦਾਸ ਜੀ ਨੇ ਆਪਣੀ ਕਾਵਿ ਰਚਨਾ ਲਈ ਗੁਰੂ ਨਾਨਕ ਦੇਵ ਜੀ ਰਾਹੀਂ ਵਰਤੇ ਗਏ ਪਦੇ, ਅਸਟਪਦੀਆਂ, ਛੰਤ, ਸਲੋਕ, ਵਾਰਾਂ, ਪੱਟੀ, ਅਲਾਹੁਣੀਆਂ ਆਦਿ ਕਾਵਿ ਰੂਪਾਂ ਦਾ ਹੀ ਪ੍ਰਯੋਗ ਕੀਤਾ ਹੈ। ਉਹਨਾਂ ਨੇ ਕੇਵਲ ਦੋ ਕਾਵਿ ਰੂਪ ਵਾਰ ਸਤ ਅਤੇ ਅਨੰਦ ਗੁਰੂ ਨਾਨਕ ਦੇਵ ਜੀ ਦੇ ਕਾਵਿ ਰੂਪਾਂ ਤੋਂ ਵੱਖਰੇ ਪ੍ਰਯੋਗ ਕੀਤੇ ਹਨ।

ਗੁਰੂ ਅਮਰ ਦਾਸ ਜੀ ਦੀਆਂ ਰਾਗ ਗੁਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗ ਵਿਚ ਰਚੀਆਂ ਵਾਰਾਂ ਵਿਚੋਂ ਰਾਗ ਗੁਜਰੀ ਅਤੇ ਰਾਮਕਲੀ ਦੀਆਂ ਵਾਰਾਂ ਵਿਸ਼ੇਸ਼ ਹਨ। ਇਹਨਾਂ ਦੋਹਾਂ ਵਾਰਾਂ ਦੀ ਧੁਨੀ ਪੁਰਾਤਨ ਲੋਕ ਵਾਰਾਂ ਵਾਲੀ ਹੈ। ਇਸ ਲਈ ਇਹਨਾਂ ਵਾਰਾਂ ਨੂੰ ਇਹਨਾਂ ਧੁਨੀਆਂ ਤੇ ਗਾਉਣ ਦਾ ਆਦੇਸ਼ ਹੈ:

1. ਗੁਜਰੀ ਕੀ ਵਾਰ ਮਹਲਾ ੩
   ਸਿਕੰਦਰ ਇਬਰਾਹਿਮ ਕੀ ਵਾਰ ਕੀ ਧੁਨੀ।[19]
2. ਰਾਮਕਲੀ ਕੀ ਵਾਰ ਮਹਲਾ ੩
   ਜੋਧੇ ਵੀਰੇ ਪੂਰਬਾਣੀ ਕੀ ਧੁਨੀ।[20]

---

ਫੁਟ ਨੋਟ ਅਤੇ ਹਵਾਲੇ

1. ਸੁਭਦਰਾ ਚੌਧਰੀ, "ਪ੍ਰਬੰਧ ਕੇ ਇਤਿਹਾਸ ਮੇਂ 'ਗੀਤ ਗੋਬਿੰਦ' ਕਾ ਸਥਾਨ", ਸੰਗੀਤ, ਜਨਵਰੀ 1970, ਪੰਨਾ 38

2. ਰਵਿੰਦਰ ਨਾਥ ਭਰਮਰ, ਹਿੰਦੀ ਭਗਤੀ-ਸਾਹਿਤਯ ਮੇਂ ਲੋਕ ਤਤਵ, ਪੰਨਾ ੧੭੯
3. ਗੋਰਖਬਾਣੀ, ਪੰਨਾ 157-158
4. ਗੋਰਖਬਾਣੀ ਪੰਨਾ 181
5. ਹਜ਼ਾਰੀ ਪ੍ਰਸਾਦ ਦਿਵੇਦੀ, ਨਾਥ ਸੰਪ੍ਰਦਾਇ, ਪੰਨਾ 221
6. ਰਵਿੰਦਰ ਨਾਥ ਭਰਮਰ, ਹਿੰਦੀ ਭਗਤੀ-ਸਾਹਿਤਯ ਮੇਂ ਲੋਕ-ਤਤਵ, ਪੰ: ੧੪੯
7. 'ਪਦਮਾਵਤ', ਪੰਨਾ 101
8. ਜੀਤ ਸਿੰਘ ਸੀਤਲ, "ਗੁਰੂ ਨਾਨਕ ਦੀ ਆਦਿ ਬਾਣੀ ਪਟੀ ਲਿਖੀ, ਪੰਜਾਬੀ ਦੁਨੀਆਂ, ਨਵੰਬਰ-ਦਸੰਬਰ 1969 ਪੰਨਾ 320
9. ਮਹਾਨ ਕੋਸ਼, ਪੰਨਾ 172
10. ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਪੰਨਾ 551
11. ਰਵਿੰਦਰ ਨਾਥ ਭਰਮਰ, ਹਿੰਦੀ ਭਗਤੀ-ਸਾਹਿਤ ਮੇਂ ਲੋਕ ਤਤਵ, ਪੰਨਾ 132
12. ਆਦਿ ਗ੍ਰੰਥ, ਪੰਨਾ 137
13. ਆਦਿ ਗ੍ਰੰਥ, ਪੰਨਾ 463
14. ਆਦਿ ਗ੍ਰੰਥ, ਪੰਨਾ 1278
15. ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ।
16. ਆਦਿ ਗ੍ਰੰਥ, ਪੰਨਾ 285
17. ਵਾਰ ਮਾਝ, ਆਦਿ ਗ੍ਰੰਥ, ਪੰਨਾ 146
18. ਆਸਾ ਮਹਲਾ ੧, ਆਦਿ ਗ੍ਰੰਥ, ਪੰਨਾ 347
19. ਆਦਿ ਗ੍ਰੰਥ, ਪੰਨਾ 509
20. ਆਦਿ ਗ੍ਰੰਥ, ਪੰਨਾ 947

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

ਸ੍ਰ. ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਵਿਸਮਾਦੁ ਨਾਦ ਵਿਸਮਾਦੁ ਵੇਦ। ਵਿਸਮਾਦੁ ਜੀਅ ਵਿਸਮਾਦੁ ਭੇਦ।
ਵਿਸਮਾਦੁ ਰੂਪ ਵਿਸਮਾਦੁ ਰੰਗ। ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ। ਵਿਸਮਾਦੁ ਅਗਨੀ ਖੇਡਹਿ ਵਿਡਾਣੀ।
ਵਿਸਮਾਦੁ ਧਰਤੀ ਵਿਸਮਾਦੁ ਖਾਣੀ। ਵਿਸਮਾਦੁ ਸਾਦਿ ਲਗਹਿ ਪਰਾਣੀ।
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ। ਵਿਸਮਾਦੁ ਭੁਖ ਵਿਸਮਾਦੁ ਭੋਗੁ।
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ। ਵਿਸਮਾਦੁ ਉਝੜ ਵਿਸਮਾਦੁ ਰਾਹ।
ਵਿਸਮਾਦੁ ਨੇੜੈ ਵਿਸਮਾਦੁ ਦੂਰਿ। ਵਿਸਮਾਦੁ ਦੇਖੈ ਹਾਜਰਾ ਹਜੂਰਿ।
ਵੇਖਿ ਵਿਡਾਣੁ ਰਹਿਆ ਵਿਸਮਾਦੁ। ਨਾਨਕ ਬੁਝਣੁ ਪੂਰੈ ਭਾਗਿ ।੧।

ਅਰਥ ਅਤੇ ਵਿਆਖਿਆ : ਇਹ ਉਪਰੋਕਤ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 263 ਦੇ ਅੰਤ ਤੇ ਦਰਜ ਹੈ। ਇਸ ਸਲੋਕ ਵਿਚ ਵਾਹਿਗੁਰੂ ਦੇ ਅਸਚਰਜ ਸਰੂਪ ਦਾ ਦਰਸ਼ਨ ਹੈ ਜਿਵੇਂ ਸੁਖਮਨੀ ਸਾਹਿਬ ਦੀ ਇੱਕਵੀਂ ਅਸਟਪਦੀ ਦੀ ਤੀਜੀ ਪਉੜੀ ਵਿਚ ਹਜ਼ੂਰ ਫੁਰਮਾਉਂਦੇ ਹਨ :

ਆਪਨ ਆਪ ਆਪ ਹੀ ਅਚਰਜਾ।
ਨਾਨਕ ਆਪਨ ਰੂਪ ਆਪ ਹੀ ਉਪਰਜਾ ॥

ਇਸ ਹੈਰਾਨਗੀ ਵਾਲੇ ਸਰੂਪ ਦਾ ਨਾਉਂ 'ਵਿਸਮਾਦੁ' ਹੈ। ਇਹ ਅਨੁਭਵ ਇਸ ਤਰ੍ਹਾਂ ਹੁੰਦਾ ਹੈ :

ਬਿਸਮੁ ਪੇਖੈ ਬਿਸਮੁ ਸੁਣੀਐ।
ਬਿਸਮਾਦੁ ਨਦਰੀ ਆਇਆ ॥ (ਸੂਹੀ ਮਹਲਾ ੫)

ਇਸੇ ਲਈ ਤਾਂ ਸਾਰੀ ਕੁਦਰਤ ਆਪਣੇ ਕਾਦਰ ਨਾਲ ਕਿਸੇ ਵਿਸਮਾਦੀ ਤਦਲੀਨਤਾ ਵਿਚ ਵਸਦੀ ਹੈ :

ਤੂੰ ਅਚਰਜੁ ਕੁਦਰਤਿ ਤੇਰੀ ਬਿਸਮਾ (ਵਡਹੰਸ ਮ: ੫)

ਸੋ ਐਸੇ ਪੁਰਖ ਦੀ ਦ੍ਰਿਸ਼ਟੀ ਸੰਸਾਰ ਦੀ ਹਰ ਇਕ ਵਸਤੂ ਨੂੰ ਉਸ ਸਮੁੱਚੇ ਵਿਸਮਾਦ ਸਰੂਪ ਦੇ ਹੀ ਅੰਗ ਲਖਦੀ ਹੈ। ਨਾਦ, ਵੇਦ ਆਦਿ ਜਿਤਨੀਆਂ ਵੀ ਅੱਡ ਅੱਡ ਸ਼ੈਆਂ ਹਨ, ਉਹ ਸਾਰੀਆਂ ਹੀ ਵਿਸਮਾਦ ਸਰੂਪ ਦੀ ਸੰਪੂਰਨਤਾ ਤੇ ਅਵਸਥਾ ਪ੍ਰਤੀਤ ਹੋਣ ਲੱਗ ਜਾਂਦੀਆਂ ਹਨ, ਜਿਵੇਂ :

ਏਕਸੁ ਤੇ ਸਭਿ ਰੂਪ ਹਰਿ ਰੰਗਾ। ਪਉਣੁ ਪਾਣੀ ਬੈਸੰਤਰ ਸਭਿ ਸਹਿ ਲੰਗਾ।

ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ।੧॥ ਏਕੁ ਅਚਰਜੁ ਏਕੋ ਹੈ ਸੋਈ ।
ਗੁਰਮੁਖਿ ਵੀਚਾਰੇ ਵਿਰਲਾ ਕੋਈ ।ਰਹਾਉ॥ (ਗਉੜੀ ਮ: ੩)

ਇਸ ਸਲੋਕ ਵਿਚ 'ਅਚਰਜ ਰੂਪ ਨਿਰੰਜਨੋ' ਦੀ ਇਕ ਝਾਕੀ ਮਾਤਰ ਦਰਸਾਈ ਹੈ ਅਤੇ ਇਸ ਖਿਆਲ ਵੱਲ ਇਸ਼ਾਰਾ ਕੀਤਾ ਹੈ ਕਿ ਇਸ ਹੈਰਾਨਗੀ ਭਰੀ ਸੁੰਦਰਤਾ ਦਾ ਗਿਆਨ ਪੂਰਨ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ ।

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ।
ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ ।
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ।
ਕੁਦਰਤਿ ਨੇਕੀਆ ਕੁਦਰਤ ਬਦੀਆ ਕੁਦਰਤਿ ਮਾਨੁ ਅਭਿਮਾਨੁ ।
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ।
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ।
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ।੨।

ਅਰਥ ਅਤੇ ਵਿਆਖਿਆ : ਕੁਦਰਤਿ ਪਦ ਦਾ ਅਰਥ ਇਥੇ ਕਰਤਾ ਤੋਂ ਭਿੰਨ ਉਸ ਦੀ ਕੀਤੀ ਹੋਈ ਰਚਨਾ ਤੋਂ ਹੈ । ਹਜ਼ੂਰ ਜੀ ਇਸ ਨੂੰ ਕਰਤਾਰ ਦੀ ਸਾਜੀ ਹੋਈ ਸ਼ਕਤੀ, ਪ੍ਰਿਕ੍ਰਿਤੀ ਕਰਕੇ ਮੰਨਦੇ ਹਨ । ਸ਼ਕਤੀ ਦੀ ਪੂਜਾ ਨਹੀਂ । ਕੀਤੀ ਨੂੰ ਨਹੀਂ ਕਰਤੇ ਨੂੰ ਪੂਜਣਾ ਹੈ ; ਕਿਉਂ ਜੋ ਕਾਦਰ ਸੁਤੰਤਰ ਹੈ ਅਤੇ ਕੁਦਰਤਿ ਆਪਣੇ ਕਾਦਰ ਦੇ ਅਧੀਨ ਹੈ ।

'ਪਾਕੁ' ਪਦ ਫਾਰਸੀ ਦਾ ਹੈ । ਇਸ ਦੇ ਅਰਥ ਹਨ : ਪਵਿੱਤਰ ਤੇ ਸੁਥਰਾ । ਸਾਹਿਬ ਜੀ ਅਪਣੇ ਕਰਤੇ ਨੂੰ ਕੁਦਰਤਿ 'ਚ ਵਸਿਆ ਅਰਥਾਤ ਥਣੰਤਰੀ ਦਸਦੇ ਹੋਏ ਉਸ ਨੂੰ ਅਪਰੰਪਰ ਦਸ ਰਹੇ ਹਨ । ਸੋ ਉਹ ਵਾਹਿਗੁਰੂ ਹੀ ਸਭ ਤੋਂ ਪਵਿੱਤਰ ਤੇ ਉਪਰ ਹੈ ; ਜਿਵੇਂ ਜਪੁਜੀ ਸਾਹਿਬ ਵਿਚ ਵੀ ਇੱਕੀਵੀਂ ਪਉੜੀ ਵਿੱਚ ਵਰਤਿਆ ਹੈ :

ਵਡਾ ਸਾਹਿਬ ਵਡੀ ਨਾਈ ਕੀਤਾ ਜਾ ਕਾ ਹੋਵੈ ॥

ਪਉੜੀ : ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ।
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ।
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ।
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੁਆਇਆ ।
ਮਨਿ ਅੰਧੈ ਜਨਮੁ ਗਵਾਇਆ । ੩ ॥

ਅਰਥ ਅਤੇ ਵਿਆਖਿਆ :— ਉਪਰ ਦਿੱਤੀ ਤੀਜੀ ਪਉੜੀ ਵਿਚ ਸਾਈਂ ਤੋਂ ਬੇਮੁਖਾਂ, ਦੁਨੀਆਂਦਾਰਾਂ ਦਾ ਅੰਤ ਦੱਸਿਆ ਹੈ ਕਿ ਉਹਨਾਂ ਅੰਨ੍ਹੇ-ਮਨ ਪਿੱਛੇ ਲੱਗਣ ਵਾਲਿਆਂ

ਨੇ ਮਨੁੱਖਾ ਜਨਮ ਐਵੇਂ ਹੀ ਗੁਆ ਲਿਆ ਹੈ। ਸੋ ਪਉੜੀ ਤੋਂ ਪਹਿਲਾਂ ਵਿਸਮਾਦ ਦਾ ਸਲੋਕ ਰੱਖ ਕੇ ਦੱਸਿਆ ਹੈ ਕਿ ਦਿਸਣ ਵਾਲੇ ਜੋ ਜੋ ਪਦਾਰਥ ਤੁਹਾਨੂੰ ਮੋਹ ਕੇ ਭੁਲਾ ਰਹੇ ਹਨ ਉਹ ਹੀ ਤੁਹਾਡੇ ਲਈ ਕਲਿਆਣਕਾਰੀ ਸਿੱਧ ਹੋ ਸਕਦੇ ਹਨ ਜੇ ਵਿਸਮਾਦੁ ਦੇ ਰਸਤੇ ਤੇ ਪੈ ਜਾਓਗੇ। ਜੇ ਸਾਰੇ ਦ੍ਰਿਸ਼ਟਮਾਨੀ ਪਦਾਰਥਾਂ ਤੋਂ ਵਿਸਮਾਦ ਅਸਰ ਲਓ ਤਾਂ ਆਪ ਹੀ ਵਿਸਮਾਦ ਲੀਨ ਹੋ ਜਾਓਗੇ।

ਸਲੋਕ ਦੇ ਦੂਸਰੇ ਪੜਾਵ ਵਿਚ ਜਣਾਇਆ ਹੈ ਕਿ ਪਹਿਲਾਂ ਕਾਦਰ ਤੇ ਕੁਦਰਤ ਦਾ ਫਰਕ ਸਮਝੋ। ਭਾਵ ਨਿਕਲਿਆ ਕਿ ਇਸ ਕੁਦਰਤ ਦੇ ਪਦਾਰਥ ਵਰਗ ਨੂੰ ਵੇਖ ਕੇ ਅਸਾਂ ਕਾਦਰ ਦੇ ਲੜ ਲੱਗਣਾ ਹੈ, ਜਿਸ ਦਾ ਰਸਤਾ ਪਦਾਰਥ ਦੀ ਤ੍ਰਿਸ਼ਨਾ ਨਹੀਂ ਸਗੋਂ ਵਿਸਮਾਦੁ ਹੈ। ਅੰਤ ਵਿਚ ਸਾਹਿਬ ਪਉੜੀ ਵਿੱਚ ਖਲਾਸਾ ਕਰਦੇ ਹਨ ਕਿ ਇਹ ਮਾਰਗ ਨਾ ਧਾਰਨ ਕਰਕੇ ਭੋਗਾਂ ਵਿਚ ਖਚਿਤ ਹੋਣ ਵਾਲਾ ਮਨੁੱਖ ਜਨਮ ਹਾਰ ਜਾਂਦਾ ਹੈ ਜਿਵੇਂ ਪਉੜੀ ਦੇ ਅੰਤ ਵਿਚ ਆਇਆ ਹੈ :

ਮਨਿ ਅੰਧੈ ਜਨਮੁ ਗਵਾਇਆ ॥

ਪਿੱਛੇ ਦੂਜੀ ਪਉੜੀ ਦੇ ਅੰਤ ਵਿਚ ਆਇਆ ਸੀ ;

ਹਾਰਿ ਗਏ ਸਿ ਠਗਣ ਵਾਲਿਆ ॥

ਇਹਨਾਂ ਦੋਹਾਂ ਪਉੜੀਆਂ ਦੇ ਵਿਚਕਾਰ ਵਿਸਮਾਦੁ ਅਤੇ ਕੁਦਰਤਿ ਦੇ ਸਲੋਕ ਦੇ ਕੇ 'ਹਾਰ ਕੇ ਜਨਮ ਗੁਆ ਜਾਣ' ਦੇ ਟਾਕਰੇ ਤੇ ਜਨਮ ਸਫਲ ਕਰਨ ਦਾ ਵੇਰਵਾ ਦੇ ਦਿੱਤਾ ਹੈ ਸੋ ਮਨੁੱਖ ਸੁਤੰਤਰ ਹੈ, ਜਿਹੜਾ ਰਸਤਾ ਅਖਤਿਆਰ ਕਰੇਗਾ, ਉਂਞ ਹੀ ਅੱਗੇ ਦਰਗਾਹ ਵਿੱਚ ਉਸ ਨਾਲ ਵਰਤੇਗੀ।

(ਚਲਦਾ)

# ਸੱਤੇ ਬਲਵੰਡ ਦੀ ਭੁੱਲ

- ਭਾਈ ਵੀਰ ਸਿੰਘ ਜੀ ਇਕ ਲਿਖਤ

.. ਮਰਦਾਨੇ ਮਗਰੋਂ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਬਲਵੰਡ ਕੀਰਤਨ ਤੇ ਲਾਇਆ ਗਿਆ ਸੀ। ਜਦੋਂ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਗਈ ਤਾਂ ਬਲਵੰਡ ਨੂੰ ਭੀ ਆਗਿਆ ਹੋਈ ਕਿ ਤੂੰ ਸਾਡੇ ਪਿਛੋਂ ਖਡੂਰ ਜਾ ਕੇ ਗੁਰੂ ਅੰਗਦ ਦੇ ਹਜ਼ੂਰ ਚੌਕੀ ਕਰਿਆ ਕਰਨੀ ਹੈ। ਬਲਵੰਡ ਜਦੋਂ ਖਡੂਰ ਆਇਆ ਤਾਂ ਗੁਰੂ ਜੀ ਛੁਪੇ ਬੈਠੇ ਸੇ। ਉਹ ਰਹਿ ਪਿਆ ਸੱਤੇ ਦੇ ਘਰ ਪਰ ਨਾ ਪਾ ਸਕਿਆ ਗੁਰੂ ਨੂੰ। ਜਦੋਂ ਆਪ ਪ੍ਰਗਟੇ ਤਾਂ ਆ ਹਾਜ਼ਰ ਹੋਇਆ ਤੇ ਲਗਾ ਕੀਰਤਨ ਕਰਨ। ਨਾਲ ਰਲਾ ਲੀਤੋ ਸੂ ਸੱਤੇ ਨੂੰ ਬੀ। ਦੋਵੇਂ ਅੰਮ੍ਰਿਤ ਵੇਲੇ ਲਾਉਣ ਆਸਾ ਦੀ ਵਾਰ, ਸੰਝਾਂ ਨੂੰ ਕੀਰਤਨ ਕਰਨ ਸੋਦਰ ਦਾ, ਜਿਵੇਂ ਕਿ ਹੁੰਦਾ ਸੀ ਗੁਰੂ ਨਾਨਕ ਦੇ ਦੁਆਰੇ।

ਗੁਣੀ ਵਿਚ ਜਦ ਗੁਣ ਮੰਝਦਾ ਹੈ ਤਾਂ ਉਸ ਦੇ ਮਨ ਨੂੰ ਨਾਲੇ ਉੱਜਲ ਕਰਦਾ ਹੈ ਨਾਲੇ ਉੱਚਾ। ਫੇਰ ਮਨ ਨੂੰ ਆਪੇ ਦੀ ਟੇਕ ਦੇ ਕੇ ਜੋਗੀ ਵਾਂਗੂ ਇਕ ਸਵਯੰ ਇਸਥਿਤੀ ਤੇ ਟਿਕਾਊ ਵਿਚ ਕਰ ਦੇਂਦਾ ਹੈ। ਇਹ ਤਾਂ ਹੈ ਗੁਣ ਦਾ ਅੰਦਰ ਦਾ ਸੁਖ, ਅਰਥਾਤ ਦ੍ਰਿਸ਼ਟਾ ਪਖ ਦਾ ਸੁਖ। ਬਾਹਰੋਂ ਬੀ ਇਕ ਅਸਰ ਪੈਂਦਾ ਹੈ, ਉਹ ਇਹ ਕਿ ਗੁਣੀ ਦੇ ਗੁਣ ਦੀ ਕਦਰ ਹੁੰਦੀ ਹੈ ਲੋਕਾਂ ਵਿਚ। ਇਸ ਦਾ ਅਸਰ ਬਾਹਰੋਂ ਗੁਣੀ ਦੇ ਮਨ ਤੇ ਪੈਂਦਾ ਹੈ। ਪਹਿਲਾ ਤਾਂ ਮਨ ਇਸ ਅਸਰ ਨਾਲ ਤਸੱਲੀ ਤੇ ਸਵੈ ਭਰੋਸੇ ਵਿਚ ਜਾਂਦਾ ਹੈ। ਪਰ ਅਕਸਰ ਗੁਣੀ ਇਸ ਥਾਵੇਂ ਨਹੀਂ ਟਿਕਦੇ, ਸਗੋਂ ਕਦਰਦਾਨੀ ਦੇ ਬਾਹਰਲ ਅਸਰ ਹੇਠ ਇਸੇ ਜੋਗੇ ਹੋ ਜਾਂਦੇ ਹਨ। ਕਦਰ ਜੋ ਪੈਂਦੀ ਹੈ ਬਾਹਰੋਂ ਓਹ ਦੋ ਸੂਰਤਾਂ ਲੈਂਦੀ ਹੈ; ਮਾਨ ਤੇ ਮਾਯਾ। ਮਾਨ ਨਾਲ ਮਨ ਮਾਨ ਦੀ ਖੁਰਾਕ ਤੇ ਹੀ ਪਲਣ ਲਗ ਜਾਂਦਾ ਹੈ। ਜਿਉਂ ਜਿਉਂ ਮਾਨ ਮਨ ਦੀ ਟੇਕ ਬਣਦਾ ਹੈ ਤਿਉਂ ਤਿਉਂ ਮਾਨ ਦੀ ਭੁਖ ਵਧਦੀ ਹੈ। ਅੰਤ ਮਾਨ ਤੇ ਪਲ ਪਲ ਕੇ ਮਨ ਹੰਕਾਰ ਦੀ ਮੋਟੀ ਜੇਹੀ ਸੂਰਤ ਪਕੜ ਲੈਂਦਾ ਹੈ। ਇਸੇ ਤਰ੍ਹਾਂ ਮਾਯਾ ਮਿਲਣ ਨਾਲ ਮਾਯਾ ਦੀ ਭੁਖ ਵਧਦੀ ਹੈ, ਜੋ ਲੋੜਾਂ ਪੂਰਨ' ਤੋਂ ਵਧ ਵਧ ਕੇ 'ਲਬ' ਦੀ ਸੂਰਤ ਫੜ ਲੈਂਦੀ ਹੈ। ਜੋ ਉਸਦੇ ਮਾਨਸੀ ਗੁਣਾਂ ਉਤੇ ਤੇ ਵਿਸ਼ੇਸ਼ ਕਰਕੇ ਉਸ ਦੇ ਅੰਦਰਲੇ ਸੁਭਾਵ ਉਤੇ ਛਾਯਾ ਜੇਹੀ ਆਛਾਦਨ ਕਰ ਦੇਂਦੀ ਹੈ। ਇਸ ਕਰਕੇ ਗੁਣੀ ਕਈ ਵੇਰ ਗਿਰਾਉ ਵਿਚ ਆ ਕੇ ਭੁੱਲਾਂ ਕਰਦੇ ਤੇ ਸੱਟਾਂ ਸਹਾਰਦੇ ਹਨ।

ਇਹੋ ਹਾਲ ਬਲਵੰਡ ਦਾ ਹੋਇਆ। ਜੇ ਤਾਂ ਮਰਦਾਨੇ ਵਾਂਙੂ ਹੁੰਦਾ ਗੁਰੂ-ਪ੍ਰੇਮੀ ਤੇ ਕੀਰਤਨ ਕਰਦਾ ਸਤਿਗੁਰੂ ਨੂੰ ਭੇਟਾ ਤਾਂ ਸੂਰਤ ਸਫਾ ਰਹਿੰਦੀ। ਜੇ ਸੋਝੀ ਹੁੰਦੀ ਗੁਣਾਂ ਦੇ ਦ੍ਰਿਸ਼ਟਾ ਪਖ ਦੀ ਤਾਂ ਬੀ ਸਵਯੰ ਆਧਾਰ ਤੋਂ ਨਾ ਹਿਲਦਾ ਜੈਸਾ ਕਿ ਉਪਰ ਦੱਸ ਆਏ ਹਾਂ। ਪਰ ਬਲਵੰਡ ਦੀ ਜਿਉਂ ਜਿਉਂ ਕਦਰ ਵਧੀ ਉਸਦੀ ਮਾਨ ਤੇ ਮਾਯਾ ਦੀ ਭੁਖ ਵਧੀ। 'ਗੁਣ ਦਾ ਮੁਲ' ਮਾਨ ਤੇ ਮਾਯਾ ਦੇ ਵਟਿਆਂ ਨਾਲ ਮਨ ਆਪੇ ਹਾੜਨ ਲਗ ਪਿਆ। ਐਉਂਕਿ :

ਪਹਿਲੋਂ ਗੁਣ ਦੀ ਕਦਰ ਨੇ ਟੇਕ ਦਿੱਤੀ ਫੇਰ ਮਾਨ ਮਿਲੇ ਨੇ ਕਿਹਾ —'ਮੈਂ ਵੱਡਾ ਗੁਣੀ ਹਾਂ ਮੇਰੇ ਜਿਹਾ ਕੋਈ ਨਹੀਂ ।' ਇਉਂ ਬਹੁਤ ਵਧੀ ਇਸ ਦੀ ਹਉਂ ਤੇ ਮਨ ਮਾਨੋ ਬਉਰਾਗਿਆ —ਜੈਸੇ ਰਵਿਦਾਸ ਜੀ ਨੇ ਕਿਹਾ ਹੈ :

ਹਮ ਬਡ ਕਬਿ ਕੁਲੀਨ
ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ ॥
ਕਹੁ ਰਵਿਦਾਸ ਸਭੈ ਨਹੀ ਸਮਝਸਿ
ਭੂਲਿ ਪਰੇ ਜੈਸੇ ਬਉਰੇ ॥

ਜੇ ਬਲਵੰਡ ਨਾਮ ਦੇ ਆਧਾਰ ਹੋ ਜਾਂਦਾ ਤਾਂ 'ਗੁਣ ਦੀ ਕਦਰ' ਦਾ ਅਸਰ 'ਹਉ' ਅਤੇ 'ਬਉਰਾਪਨ' ਨਾ ਪੈ ਦਾ; ਜੈਸਾ ਕਿ ਰਵਿਦਾਸ ਜੀ ਉਪਰਲੇ ਸ਼ਬਦ ਦੇ ਅਖੀਰ ਦੱਸਦੇ ਹਨ ਕਿ ਮੈਂ ਬਚ ਰਿਹਾ, ਕੀਕੂੰ ?

ਮੋਹਿ ਅਧਾਰੁ ਨਾਮੁ ਨਾਰਾਇਨ
ਜੀਵਨ ਪ੍ਰਾਨ ਧਨ ਮੋਰੇ ।੩॥੧॥ (ਰਾਮਕਲੀ)

ਨਾਮ ਦੇ ਆਸਰੇ ਉਸ ਦਾ ਮਨ ਉਜਲ ਸੀ, ਉਸ ਨੇ ਮਾਨ ਤੇ ਮਾਯਾ ਨੂੰ ਸੁਰਤ ਦਾ ਆਧਾਰ ਨਾ ਬਣਾਇਆ । ਨਾਮ ਹੀ ਭਗਤ ਦਾ ਜੀਵਨ, ਪ੍ਰਾਨ ਤੇ ਧਨ ਬਣਿਆ ਰਿਹਾ । ਪਰ ਬਾਣੀ ਦਾ ਕੀਰਤਨੀਆ ਬਲਵੰਡ ਬਾਣੀ ਦੇ ਸਾਰ ਸਿਧਾਂਤ 'ਨਾਮ' ਤੇ ਨਾ ਟਿਕਣ ਕਰਕੇ 'ਹਮ ਗੁਣੀ' ਦੇ ਹੰਕਾਰ ਵਿਚ 'ਭੂਲਿ ਪਰੇ ਜੈਸੇ ਬਉਰੇ' ਵਾਂਗੂੰ ਹੋ ਗਿਆ ।

ਇਕ ਦਿਨ ਭਾਈ ਬੁੱਢਾ ਕਿਸੇ ਰੰਗ ਵਿਚ ਬੈਠਾ ਸੀ, ਦਿਲ ਦ੍ਰਵ ਰਿਹਾ ਸੀ ਕਿਸੇ ਪ੍ਰੇਮ ਭਾਗ ਵਿਚ : ਨੈਣ ਸੇਜਲ ਹੋ ਰਹੇ ਸਨ ਕਿ ਅਚਾਨਕ ਆ ਨਿਕਲਿਆ ਬਲਵੰਡ । ਬੁੱਢੇ ਨੇ ਕਿਹਾ : ਬਲਵੰਡ ਬਾਬੇ ਦੇ ਪਿਆਰੇ ! ਬਾਬੇ ਦਾ ਕੋਈ ਸ਼ਬਦ ਸੁਣਾਓ ।

ਮਾਨ ਮੱਤੇ ਬਲਵੰਡ ਨੇ ਹੈਂਕੜ ਨਾਲ ਕਿਹਾ, ਹੁਣ ਵੇਲਾ ਬਖਤ ਨਹੀਂ, ਚਉਕੀ ਲਗੀ ਵੇਲੇ ਆ ਕੇ ਸੁਣ ਲਈਂ, ਹਰ ਵੇਲੇ ਮੈਂ ਹਰ ਕਿਸੇ ਅਗੇ ਨਹੀਂ ਸੁਣਾ ਸਕਦਾ ।

ਬਾਬਾ ਚੁੱਪ ਹੋ ਗਿਆ ਤੇ ਰਬਾਬੀ ਟੁਰ ਗਿਆ ।

ਜਦ ਲੌਢੇ ਪਹਿਰ ਰਬਾਬ ਲੈ ਕੇ ਬਲਵੰਡ ਆਇਆ ਸਤਿਗੁਰ ਜੀ ਪਾਸ ਤਾਂ ਸਤਿਗੁਰ ਨੇ ਸ਼ਬਦ ਸੁਣਨੋਂ ਨਾਂਹ ਕਰ ਦਿੱਤੀ । ਜਦ ਬਲਵੰਡ ਨੇ ਕਾਰਣ ਪੁਛਿਆ ਤਾਂ ਆਪ ਨੇ ਕਿਹਾ - ਹੁਣ ਸੁਣਨੇ ਦਾ ਮੇਰਾ ਬਖ਼ਤ ਨਹੀਂ, ਜਦੋਂ ਮੇਰੇ ਸੁਣਨੇ ਦਾ ਵੇਲਾ ਸੀ ਤਦੋਂ ਤੈਨੂੰ ਸੁਨਾਉਣ ਦਾ ਨਹੀਂ ਸੀ ।

ਹਰਿਆਨ ਹੋ ਕੇ ਰਬਾਬੀ ਨੇ ਕਿਹਾ : ਜੀਓ ! ਆਪ ਦੇ ਕਹੇ ਤੇ ਤਾਂ ਮੈਂ ਨਾਹ ਨਹੀਂ ਕੀਤੀ ।

ਗੁਰੂ ਜੀ ਜਦੋਂ ਸਿਖ ਦੇ ਹਿਰਦੇ ਵਿਚ ਗੁਰੂ ਨੇ ਬੈਠਕੇ ਕਿਹਾ ਸੀ ਸ਼ਬਦ ਸੁਣ ਓ, ਤੂੰ ਕਿਹਾ ਸੀ 'ਹੁਣ ਸੁਨਾਉਣੇ ਦਾ ਬਖ਼ਤ ਨਹੀਂ' ; ਹੁਣ ਗੁਰੂ ਆਖਦਾ ਹੈ ਕਿ 'ਸੁਣਨੇ ਦਾ ਬਖ਼ਤ ਨਹੀਂ'। ਬਲਵੰਡ ਸਮਝ ਗਿਆ ਕਿ ਮੈਂ ਜੋ ਭਾਈ ਬੁੱਢੇ ਨੂੰ ਨਾਂਹ ਕੀਤੀ ਸੀ ਉਸ ਗੱਲ ਨੂੰ ਗੁਰੂ ਜੀ ਨੇ ਜਾਣ ਲਿਆ ਹੈ, ਮਾਨ ਮਤੀ ਸੁਰ ਵਿਚ ਬੋਲਿਆ-ਮੈਂ ਤੁਹਾਡੇ ਅਗੇ ਗਾਵਾਂ ਤੇ ਹੁਣ ਹਰ ਜੱਟ ਬੂਟ ਅਗੇ ਹਰ ਵੇਲੇ ਗਾਉਂਦਾ ਫਿਰਾਂ (੧੫੬)। ਗੁਰੂ ਜੀ ਸੁਣਕੇ ਤੱਕੇ, ਤੱਕੇ ਤੇ ਫਿਰ ਮੋਨ ਧਾਰ ਲਈ ਪਰ ਬਲਵੰਡ ਹੰਕਾਰ ਵਿਚ ਫੁੰਕਾਰ ਕੇ ਬੋਲਿਆ- 'ਨਾ ਸਹੀ ਤੇ ਨਾ, ਸਾਡੇ ਪਾਸ ਗੁਰੂ ਬਾਬੇ ਦੀ ਬਾਣੀ ਹੈ, ਹੋਰ ਦੁਆਰ ਮੰਗ ਖਾਵਾਂਗੇ, ਗੁਣ ਹੈ ਸਾਡੇ ਪਾਸ, ਗੁਣੀ ਨੂੰ ਕਾਹਦੀ ਘਾਟ।' ਇਉਂ ਆਖਦਾ ਟੁਰ ਗਿਆ (੧੫੭)।

ਪੰਜ ਦਿਨ ਗੁਜ਼ਰ ਗਏ, ਗੁਣੀ ਦੇ ਗੁਣ ਨੂੰ ਕਿਸੇ ਨਾ ਪੁੱਛਿਆ। ਕੀਰਤਨ ਕਰੇ ਤਾਂ ਸੁਣੇ ਕੋਈ ਨਾ, ਲੋਕੀ ਕਹਿਣ ਜਿਸਨੂੰ ਗੁਰੂ ਨੇ ਨਹੀਂ ਸੁਣਿਆ ਅਸੀਂ ਕਿਉਂ ਸੁਣੀਏ। ਇਉਂ ਅਪੁਛਠ, ਇਕੱਲ, ਭੁਖ ਦਾ ਦੁੱਖ ਆ ਗਿਆ। ਸਰੀਰ ਬੀ ਬਿਗੜ ਗਿਆ ਜਿਵੇਂ ਕਿ ਮਹਿਮਾ ਪ੍ਰਕਾਸ਼ ਵਾਰਤਿਕ ਦੇ ਸਫਾ ੩੨ ਤੇ ਲਿਖਿਆ ਹੈ। ਫੇਰ ਹੋਸ਼ ਪਰਤੀ ਤੇ ਗੁਰੂ ਦੀ ਕਦਰ ਆਈ ਤਾਂ ਆ ਸਿਖਾਂ ਪਾਸ ਅਰਜ਼ੋਈ ਕੀਤੀ ਕਿ ਮੈਥੋਂ ਭੁਲ ਹੋਈ ਹੈ ਬਖਸ਼ਵਾਓ। ਸਿਖਾਂ ਨੇ ਹਜ਼ੂਰ ਆ ਬੇਨਤੀ ਕੀਤੀ ਤੇ ਭੁੱਲ ਬਖ਼ਸ਼ੇ ਜਾਣ ਵਾਸਤੇ ਸਿਪਾਰਸ਼ ਕੀਤੀ ਤਾਂ ਸਤਿਗੁਰ ਨੇ ਖਿਮਾ ਕਰ ਦਿਤੀ ਤੇ ਬਲਵੰਡ ਫੇਰ ਕੀਰਤਨ ਤੇ ਲਾ ਲਿਆ।

ਕੁਛ ਸਮਾਂ ਬੀਤ ਗਿਆ। ਬਲਵੰਡ ਹੋਰਾਂ ਨੇ ਚਾਹੇ ਭੁਲ ਬਖਸ਼ਾ ਲਈ ਸੀ ਪਰ ਦਿਲ ਵਿਚੋਂ ਹਉਮੈਂ ਦਾ ਕੰਡਾ ਪਟ ਨਹੀਂ ਸੀ ਹੋਇਆ। ਕਾਕੀ ਦਾ ਵਿਆਹ ਆ ਗਿਆ ਤਾਂ ਗੁਰੂ ਜੀ ਤੋਂ ਆਪ ਨੇ ੫੦੦ ਰੁਪੈ ਦੀ ਮੰਗ ਕੀਤੀ (੧੫੮)। ਸਾਹਿਬਾਂ ਨੇ ਫੁਰਮਾਇਆ ਇਤਨਾ ਰੁਪਯਾ ਨਾ ਖਰਚੋ, ਵਿਵਾਹ ਅਪਣੇ ਵਿਤ ਅਨੁਸਾਰ ਕਰੋ। ਪਰ ਜੇ ਤੁਸੀਂ ਨਹੀਂ ਰੁਕ ਸਕਦੇ ਹੋ ਤਾਂ ਠਹਿਰ ਜਾਓ, ਵਿਸਾਖੀ ਪਰ ਸੰਗਤਾਂ ਦੇ ਆਉਣ ਤੇ ਗੁਰ ਨਾਨਕ ਗਫੇ ਦੇ ਦੇਸੀ, ਤੁਸਾਂ ਸੰਭਾਲ ਲੈਣੇ। ਪਰ ਰਬਾਬੀ ਕਾਹਲੇ ਹੋ ਪਏ ਤੇ ਕੁਛ ਹੰਕਾਰ ਦੇ ਬਚਨ ਕਰਕੇ ਚਲੇ ਗਏ। ਅਗਲੇ ਦਿਨ ਕੀਰਤਨ ਲਈ ਨਾ ਆਏ ਤਾਂ ਸਤਿਗੁਰ ਨੇ ਸਦਵਾ ਘੱਲਿਆ ਤਾਂ ਬੀ ਓਹ ਨਾ ਆਏ। ਇਸ ਤਰ੍ਹਾਂ ਜਦ ਦੋ ਤ੍ਰੈ ਵਾਰੀ ਗੁਰੂ ਜੀ ਨੇ ਸਿਖ ਘੱਲੇ, ਉਨ੍ਹਾਂ ਦੀ ਹਉਂ ਵਧੀ ਰਹੀ ਤੇ ਕਠੋਰ ਵਾਕ ਕਹਿਕੇ ਨਾਂਹ ਕਰ ਦੇਂਦੇ ਰਹੇ। ਅਖੀਰ ਦੀ ਵਾਰੀ ਸੱਦਣ ਗਏ ਸਿਖਾਂ ਨੂੰ ਉਹਨਾਂ ਨੇ ਕਿਹਾ ਕਿਉ ਬਈ! ਨਹੀਂ ਨਾ ਸਰਦੀ ਤਦੇ ਹੀ ਪਲੇ ਪਲੇ ਸੱਦ ਸੱਦ ਘਲਦੇ ਹਨ ਨਾ, ਗੁਰੂ ਕੀ ਸੋਭਾ ਸਰਦਾਰੀ ਸਾਡੀ ਬਨਾਈ ਹੋਈ ਹੈ, ਇਹ ਗੁਰੂ ਕੀਹ ਗੁਰ ਨਾਨਕ ਦੇ ਦਰਬਾਰ ਦੀ ਸੋਭਾ ਬੀ ਸਾਡੇ ਭਰਾ ਮਰਦਾਨੇ ਨੇ ਬਨਾਈ ਸੀ, ਜੇ ਅਸੀਂ ਨਾਂਹ ਹੁੰਦੇ ਤਾਂ ਗੁਰੂ ਨਾਨਕ ਗੁਰੂ ਕਿਵੇਂ ਬਣਦੇ ਤੇ ਉਨ੍ਹਾਂ ਦੀ ਦਿੱਤੀ-ਪੁਤ੍ਰਾਂ ਨੂੰ ਵਾਂਝ ਕੇ ਦਿਤੀ ਗੱਦੀ ਇਨ੍ਹਾਂ ਦੀ ਕਿਵੇਂ ਫਲਦੀ ਫੁਲਦੀ। ਗੁਰੂ ਬਨਾਉਣਾ ਸਾਡੇ ਵੱਸ ਹੈ।

'ਹਮ ਅਬਿ ਰਹਕੇ ਅਪਰ ਢਿਗ
ਲੇਂ ਗੁਰੂ ਬਨਾਈ।'—

'ਹਮ ਅਧੀਨ ਕਰਿਬੇ ਗੁਰੂ
ਤੁਮ ਨਾਹਿਨ ਜਾਨਾ ।' —
'ਜਹਾਂ ਰਾਗ ਹਮ ਕਰਹਿੰਗੇ
ਗੁਰ ਤਿਸਹਿ ਬਨਾਵਹਿ ।'

(ਸੂ: ਪ੍ਰ: ੨੧੦੦)

ਇਸ ਤਰ੍ਹਾਂ ਦੇ ਗੁਰੂ ਨਾਨਕ ਦੇਵ ਜੀ ਦੀ ਬੇ-ਅਦਬੀ ਦੇ ਵਾਕ ਜਦੋਂ ਸਿੱਖਾਂ ਨੇ ਆ ਕੇ ਦੱਸੇ ਤਾਂ ਅਖੰਡ ਹਿਰਦੇ ਵਾਲੇ ਬੋਲੇ-'ਹਛ ! ਗੁਰੂ ਨਾਨਕ ਗਗਨ ਅਗੰਮ ਨੂੰ ਸਰ ਸੰਧਿਆ ਨੇ ? ਫਿਟ ਗਏ ਹਨ । - ਹੁਣ ਨਾ ਜਾਓ, ਗੁਰੂ ਕੀ ਨਿੰਦਾ ਨਾ ਸੁਣੋ ਨਾ ਸੁਣਾਓ, ਹੁਣ ਭਾਈ ਕਿਸੇ ਨੇ ਗੁਰੂ ਨਾਨਕ ਦੇਵ ਦੇ ਨਿੰਦਕਾਂ ਦੀ ਸਾਡੇ ਪਾਸ ਸਿਪਾਰਸ਼ ਬੀ ਨਾ ਕਰਨੀ' । ਇਹ ਬਚਨ ਕਰਕੇ ਕੀਰਤਨ ਤੇ ਹੋਰ ਪ੍ਰੇਮੀ ਲਾ ਲਏ (੧੫੯) ।

ਰਬਾਬੀਆਂ ਦਾ ਮਾਨ ਮੱਤੇ ਹੋ ਜਾਣਾ ਹੰਕਾਰ ਵਿਚ ਫੁੰਕਾਰਨਾ ਤੇ ਫੇਰ ਗੁਰ ਨਾਨਕ ਦੀ ਬੇ-ਅਦਬੀ ਕਰਨ ਤਕ ਦੀ ਫਿਟਿਆਣ ਚੜ੍ਹ ਜਾਣੀ ਨਿਕੀ ਜੇਹੀ ਗਲ ਨਹੀਂ ਸੀ, ਗੁਰ ਸਿਖੀ ਵਿਚ ਸਾਰੀ ਗਲ ਧੁੰਮ ਗਈ । ਰਬਾਬੀ ਪਹਿਲੋਂ ਘਰ ਬੈਠੇ ਰਹੇ ਕਿ ਗੁਰੂ ਜੀ ਫੇਰ ਮਨਾਉਂਦੇ ਹਨ, ਪਰ ਉਹ ਵਕਤ ਨਾ ਆਇਆ ਤਾਂ ਬਾਹਰ ਅੰਦਰ ਕਈ ਥਾਂ ਫਿਰੇ, ਕਿਸੇ ਨੇ ਮੂੰਹ ਨਾ ਲਾਯਾ । ਜਾਪਦਾ ਹੈ ਕਿ ਉਹਨਾ ਦੇ ਅੰਦਰ ਬਹੁਤ ਮਾਨ ਇਹ ਸੀ ਕਿ ਕਰਤਾਰ ਪੁਰ ਰਹਿਣ ਵਾਲੇ ਗੁਰੂ ਤੇ ਪੁਤ੍ਰ ਸਾਨੂੰ ਜੀ ਆਇਆਂ ਨੂੰ ਆਖਣਗੇ ਤੇ ਸਾਡੇ ਕੀਰਤਨ ਕਰਨ ਨਾਲ ਸਿਖੀ ਇਧਰੋਂ ਉਲਟ ਕੇ ਉਧਰ ਚਲੀ ਜਾਏਗੀ । ਉਹਨਾਂ ਨੂੰ ਆਪਣੇ ਰਾਗ ਦਾ ਹੰਕਾਰ ਸੀ ਕਿ ਗੁਰਯਾਈ ਸਿਰਫ ਰਾਗ ਵਿਚ ਹੈ, ਮੂਰਖ ਨਹੀਂ ਸੇ ਸਮਝਦੇ ਕਿ ਇਹ ਧੁਰੋਂ ਆਈ ਪਦਵੀ ਹੈ; ਸੋ ਉਹਨਾਂ ਨੇ ਕਰਤਾਰ ਪੁਰ ਜਾ ਕੇ ਵੀ ਜ਼ੋਰ ਲਾਇਆ; ਪਰ ਇਹ ਕਿਵੇਂ ਹੋ ਸਕਦਾ ਸੀ ਕਿ ਸ੍ਰੀ ਚੰਦ ਜੀ ਤੇ ਲਖਮੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿੰਦਕ ਨੂੰ ਮੂੰਹ ਲਾਉਂਦੇ, ਗੁਰੂ ਪਿਤਾ ਦੀ ਨਿੰਦਾ ਤਾਂ ਉਹ ਵੀ ਸਹਾਰ ਨਹੀਂ ਸਨ ਸਕਦੇ । ਸੋ ਸਭ ਪਾਸਿਆਂ ਤੋਂ ਨਿਰਾਸ ਤੇ ਆਮਦਨ ਤੋਂ ਵਿਰਵੇ ਹੋ ਕੇ ਦੁਖੀ ਹੋਏ; ਸਰੀਰ ਬੀ ਰੋਗੀ ਹੋ ਗਿਆ, ਕੋਈ ਮੂੰਹ ਨਾ ਲਾਵੇ ਤੇ ਨਾ ਹੀ ਕੋਈ ਹੀਆ ਕਰੇ ਗੁਰੂ ਜੀ ਅਗੇ ਸਿਪਾਰਸ਼ ਕਰਨੇ ਦਾ । ਤਦ ਹਾਰ ਕੇ ਲਾਹੌਰ ਦੇ ਭਾਈ ਲੱਧੇ ਦੀ ਸ਼ਰਣ ਜਾ ਪਏ, ਜੋ ਸੇਵਾ ਤੇ ਉਪਕਾਰ ਵਿਚ ਬੜਾ ਪ੍ਰਸਿੱਧ ਸਿਖ ਸੀ । ਭਾਈ ਲੱਧੇ ਨੇ ਉਨ੍ਹਾਂ ਦਾ ਦੁਖ ਦਰਦ (ਭਯਾਨਕ) ਡਿੱਠਾ ਤੇ ਹੁਣ ਪਛਤਾਵਾ ਬੀ ਸੱਚਾ ਤਕਿਆ ਤਾਂ ਅਪਨਾ ਮੂੰਹ ਕਾਲਾ ਕੀਤਾ ਤੇ ਇਸ ਤਰ੍ਹਾਂ ਟੁਰਦਾ (੧੬੦) ਗੁਰੂ ਕੇ ਹਜ਼ੂਰ ਆ ਅਪੜਿਆ । ਇਸ ਰੰਗ ਵੇਖਕੇ ਸਤਿਗੁਰ ਨੇ ਪੁਛਿਆ : 'ਭਾਈ ਲੱਧਾ ਇਹ ਕ੍ਯਿਉ ਰੰਗ ਬਣਾਇਆ ਹੈ ? ਬਿਨੈ ਕੀਤੀ ਓਸ 'ਨਿੰਦਕ' ਦੀ ਸਿਪਾਰਸ਼ ਆਪ ਦੇ ਦਰਬਾਰ ਮਨ੍ਹੇ ਹੈ । ਨਿੰਦਕ ਦਾ ਮੂੰਹ ਕਾਲਾ ਲਿਖਿਆ ਹੈ-'ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ ਗੁਰ ਕੀ ਦਾਤਿ ਨ ਭਾਈ ।' (ਗੂਜ. ਮ. ੧) ਜੇਹਾ ਨਿੰਦਕ ਜੇਹਾ ਸਿਪਾਰਸ਼ੀ । ਇਤ ਕਾਰਣ ਮੂੰਹ ਕਾਲੇ ਹਾਜਰੀ ਭਰੀ ਹੈ, ਉਜਲੇ ਮੁਖ ਨਿੰਦਕ ਦਾ ਸਾਥੀ ਹੋ ਕੇ ਕਿਵ ਆਉਂਦਾ ।

ਪਾਤਸ਼ਾਹ ! ਆਪ ਦੇ ਧ੍ਰਿਕਾਰੇ, ਨਿੰਦਾ ਨਾਲ ਆਪੇ ਧ੍ਰਿਕਾਰੇ ਗਏ ਰਬਾਬੀ ਹੁਣ ਪਿਛੌਤਾਉਂਦੇ ਹਨ, ਬਖਸ਼ਸ਼ ਮੰਗਦੇ ਹਨ। ਪਿਛੌਤਾਵਾ, ਆਪ ਫੁਰਮਾਇਆ ਕਰਦੇ ਹੋ, ਉਹ ਦੰਡ ਹੈ ਜੋ ਜੀਵ ਆਪੇ ਆਪਣੇ ਆਪ ਨੂੰ ਦੇਂਦਾ ਹੈ, ਤੇ ਇਸੇ ਨਾਲ ਪਾਪ ਦਾ ਸੰਸਕਾਰ ਧੋ ਹੁੰਦਾ ਹੈ। ਜੇ ਮੇਹਰ ਕਰੋ ਤਾਂ ਮੁੜ ਬਖਸ਼ੇ ਜਾਣ। ਮੈਂ ਨਿਸਚੇ ਕਰ ਆਇਆ ਹਾਂ ਕਿ ਹੁਣ ਸੱਚੇ ਦਿਲੋਂ ਮੰਗਦੇ ਹਨ ਮਾਫ਼ੀ। ਦੁਖ ਤੇ ਰੋਗ ਵਿਚ ਜਾਕੇ ਸੁਖ ਦੀ ਕਦਰ ਪਈ ਨੇ, ਨਿੰਦਾ ਤੇ ਝੂਠ ਨੂੰ ਫਲ ਲਗਾ ਵੇਖਕੇ ਸੱਚ ਦਿੱਸ ਪਿਆ ਨੇ। ਗੁਰੂ ਕੀ ਵਡਾਈ ਲਖੀ ਨੇ ਹੁਣ ਆਪਣੇ ਕਹੇ ਤੇ ਸਿਰ ਧੁਨਦੇ ਹਨ।'

ਸਤਿਗੁਰੂ ਜੀ ਪਹਿਲਾਂ ਤਾਂ ਸੁਣਦੇ ਰਹੇ, ਪਰ ਫੇਰ ਬੋਲੇ : ਚੰਗਾ ਭਾਈ ਪਰਉਪਕਾਰੀ ! ਚੰਗਾ, ਬਖਸ਼ੇ। ਸੋ ਐਦਾਂ ਬਖਸ਼ੇ ਜਾਕੇ ਆ ਦੁਇ ਚਰਨੀ ਢੱਠੇ। ਦਾਤੇ ਨੇ ਮੇਹਰ ਕੀਤੀ, ਮਨ ਨਿਰਮਲ ਹੋ ਗਿਆ, ਸ਼ਬਦ ਦੀ ਰੰਗਣ ਚੜ੍ਹੀ ਤਦ ਬਲਵੰਡ ਨੇ ਵਾਰ 'ਉਚਾਰੀ-ਟਿਕੇ ਦੀ ਵਾਰ-ਸਨਮੁਖ ਹੋਕੇ ਸੱਤਿ ਤੇ ਨਿਆਂ ਦੀ ਕੀਰਤ ਗਾਂਵੀ (੧੬੧) ਬਖਸ਼ੇ ਗਏ ਭੁਲਣ ਹਾਰ। ਨਾ ਕੇਵਲ ਬਖਸ਼ੇ ਗਏ, ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਬਾਣੀ ਪਾਵਨ ਬੀੜ ਵਿਚ ਦਰਜ ਕੀਤੀ। ਬਖਸ਼ਿਆ ਗਿਆ ਬਖਸ਼ਾਵਣ ਆਇਆ ਭਾਈ ਲੱਧਾ, ਉਸ ਦਾ ਨਾਮ ਗੁਰੂ ਰਸਨਾਂ ਤੋਂ ਪੈ ਗਿਆ 'ਭਾਈ ਲੱਧਾ ਪਰਉਪਕਾਰੀ'। ਇਹ ਨਾਂ ਭਾਈ ਗੁਰਦਾਸ ਦੇ ਗਿਣੇ ਸਿਖਾਂ ਵਿਚ ਹੈ।

('ਅਸ਼ਟ ਗੁਰੂ ਚਮਤਕਾਰ' ਵਿਚੋਂ)

# ਸੰਤ ਰੇਣ ਗਿਆਨੀ ਵਰਿਆਮ ਸਿੰਘ ਆਦਰਸ਼ (ਦੇਹਰਾਦੂਨ ਵਾਲੇ)

ਗੁਰਬਖਸ਼ ਸਿੰਘ ਬਖਸ਼ੀ*

ਸੰਸਾਰ ਦੇ ਹਰ ਧਰਮ ਵਿਚ ਉਸ ਦੇ ਮੂਲ ਪ੍ਰੇਰਕਾਂ ਪੈਗੰਬਰਾਂ ਅਤੇ ਗੁਰੂਆਂ ਦੀ ਦੇਣ ਅਵਸ਼ ਹੁੰਦੀ ਹੈ, ਜੋ ਆਪਣੇ ਦੈਵੀ ਆਵੇਸ਼ ਦੇ ਆਧਾਰ ਤੇ ਧਰਮਾਂ ਦਾ ਸੰਚਾਲਨ ਕਰਦੇ ਹਨ, ਨਾਲ ਹੀ ਧਰਮ ਦੇ ਉਨ੍ਹਾਂ ਬੁੱਧੀਮਾਨ ਵਿਆਖਿਆਕਾਰਾਂ ਦੀ ਦੇਣ ਵੀ ਮਹਾਨ ਹੁੰਦੀ ਹੈ ਜੋ ਅਧਿਆਤਮਿਕ ਰਾਹਬਰਾਂ ਵੱਲੋਂ ਉਲੀਕੇ ਮਾਰਗ ਨੂੰ ਵਧੇਰੇ ਸਪਸ਼ਟ ਰੂਪ ਵਿਚ ਜਨ ਸਾਧਾਰਨ ਦੇ ਸਨਮੁੱਖ ਪੇਸ਼ ਕਰਦੇ ਹਨ। ਸਿੱਖ ਧਰਮ ਵਿਚ ਇਹ ਕਾਰਜ ਸਭ ਤੋਂ ਪਹਿਲਾਂ ਭਾਈ ਗੁਰਦਾਸ ਜੀ ਨੇ ਨਿਭਾਇਆ। ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਵਿਚ ਪਰਸਤੁਤ ਵਿਚਾਰਧਾਰਾ ਦੀ ਵਿਆਖਿਆ ਕਰਨ ਵਾਲੇ ਮਹਾਂਪੁਰਸ਼ਾਂ ਦੀ ਲੜੀ ਵਿਚ ਇਕ ਨਾਮ ਜੋ ਵਧੇਰੇ ਉਭਰਕੇ ਆਉਂਦਾ ਹੈ ਉਹ ਨਾਮ ਹੈ ਸੰਤ ਰੇਣ ਗਿਆਨੀ ਵਰਿਆਮ ਸਿੰਘ ਜੀ (ਦੇਹਰਾਦੂਨ ਵਾਲੇ) ਭਾਵੇਂ ਉਨ੍ਹਾਂ ਦਾ ਗ੍ਰਹਿ ਪਿੰਡ ਇਸ ਮੌਕੇ ਆਲਮਪੁਰ (ਚੰਡੀਗੜ੍ਹ) ਰੋਡ ਤਹਿਸੀਲ ਰਾਜਪੁਰਾ ਵਿਖੇ ਹੈ। ਪਰੰਤੂ ਉਹ (ਦੇਹਰਾਦੂਨ ਵਾਲੇ) ਕਰਕੇ ਹੀ ਵਿਸ਼ਵ ਭਰ ਵਿਚ ਪ੍ਰਸਿੱਧ ਹਨ।

ਆਪ ਜੀ ਦਾ ਜਨਮ 1915 ਵਿਚ ਪਿੰਡ ਮੱਟੂ ਭਾਈਕੇ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਸ੍ਰ. ਬਹਾਦਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਬਚਪਨ ਵਿਚ ਕੀਰਤਨ ਦੀ ਦਾਤ ਪ੍ਰਾਪਤ ਕੀਤੀ ਅਤੇ ਇਸ ਦਾਤ ਸਦਕਾ ਸਾਰੇ ਵਿਸ਼ਵ ਦਾ ਭਰਮਣ ਕੀਤਾ ਅਤੇ ਗੁਰਮਤਿ ਸੰਦੇਸ਼ ਨੂੰ ਪੰਜਾਬੋਂ ਬਾਹਰ ਬੈਠੀਆਂ ਸਿੱਖ ਸੰਗਤਾਂ ਤੱਕ ਪਹੁੰਚਾਇਆ ਅਤੇ ਬੇਅੰਤ ਭੁੱਲੇ ਭਟਕੇ ਪ੍ਰਾਣੀਆਂ ਨੂੰ ਗੁਰਮਤਿ ਰਾਹ ਤੇ ਚਲਣ ਦੀ ਸਿਖਿਆ ਦਿੱਤੀ, ਅੰਮ੍ਰਿਤਪਾਨ ਕਰਾਇਆ ਅਤੇ ਸੱਚੇ ਗੁਰੂ ਦੇ ਲੜ ਲਾਇਆ। ਆਪ ਜੀ ਨੇ ਸਮੁੱਚਾ ਜੀਵਨ ਸਵਾਸ ਸਵਾਸ ਆਪ ਨਾਮ ਬਾਣੀ ਜਪਦਿਆਂ ਅਤੇ ਹੋਰਾਂ ਨੂੰ ਜਪਾਉਂਦਿਆਂ ਬਿਤਾਇਆ ਜਿਥੇ ਆਪ ਜੀ ਦੀ ਰਹਿਣੀ ਬਹਿਣੀ ਸੱਚੀ ਸੁੱਚੀ ਸੀ ਉਥੇ ਆਪ ਕਥਨੀ ਅਤੇ ਕਰਨੀ ਦੇ ਵੀ ਪੂਰੇ ਸਨ। ਸਾਰੀ ਉਮਰ ਆਪ ਜੀ ਨੇ ਕਥਾ ਕੀਰਤਨ ਕੀਤਾ ਪਰੰਤੂ ਕਦੇ ਵੀ ਮਾਇਆ ਮੋਹ ਦੇ ਬੰਧਨ ਵਿਚ ਨਹੀਂ ਫਸੇ ਅਤੇ "ਗੁਰੂ ਸਿੱਖ ਮੀਤ ਚਲੋ ਗੁਰ ਚਾਲੀ" ਦੇ ਮਹਾਂਵਾਕ ਅਨੁਸਾਰ ਆਪ ਇਸ ਮਹਾਂਵਾਕ ਤੇ ਅਮਲ ਕੀਤਾ ਤੇ ਹੋਰਾਂ ਨੂੰ ਕਰਾਇਆ।

ਸ੍ਰੀ ਮਾਨ ਸੰਤ ਰੇਣ ਗਿਆਨੀ ਵਰਿਆਮ ਸਿੰਘ ਜੀ "ਆਦਰਸ਼" ਚੌਧਰੀ ਦਾਨਾ ਜੀ ਦੇ ਖਾਨਦਾਨ ਚੋਂ ਨੌਵੀਂ ਪੀੜ੍ਹੀ ਵਿਚੋਂ ਸਨ। ਚੌਧਰੀ ਦਾਨਾ ਜੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਨਿਰੋਮਾਏ ਹੋਏ ਅਨਿਕ ਸੇਵਕ ਅਤੇ ਸੰਤ ਸਿਪਾਹੀ ਸਨ, ਜਿਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਮਿਲਕੇ ਕਈ ਦੇਗ ਯੁੱਧ ਕੀਤੇ। ਚੌਧਰੀ ਦਾਨਾ ਦੇ ਖਾਨਦਾਨ ਵਿਚੋਂ ਹੀ ਸੰਤ ਸਰੂਪ ਸ੍ਰ. ਬਹਾਦਰ ਸਿੰਘ ਜੀ (ਓਵਰਸੀਅਰ) ਦੇ ਆਪ ਛੋਟੇ ਸਪੁੱਤਰ ਸਨ।

ਆਪ ਜੀ ਨੇ ਮੁੱਢਲੀ ਵਿਦਿਆ ਪੱਟੂ ਭਾਈਕੇ ਪਿੰਡ ਵਿਚ ਹੀ ਪੰਡਤ ਹਰਗੋਬਿੰਦ ਜੀ ਦੇ ਖਾਨਦਾਨ ਦੇ ਆਖਰੀ ਮਹੰਤ ਪੰਡਤ ਭਾਈ ਕੇਸਰ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਗੁਰ ਬਿਲਾਸ ਅਰਥ ਬੋਧ ਸਹਿਤ ਪ੍ਰਾਪਤ ਕੀਤੀ ।

1932 ਵਿਚ ਆਪ ਜੀ ਨੇ ਸਿੱਖ ਕੌਮ ਦੇ ਚੋਟੀ ਦੇ ਵਿਦਵਾਨ ਅਤੇ ਸੰਗੀਤ ਕਲਾ ਦੇ ਉਸਤਾਦ ਗੰਧਰਵ ਰਾਜ ਗਿਆਨੀ ਗਿਆਨ ਸਿੰਘ ਜੀ ਅਲਮਸਤ ਪਾਸੋਂ 10 ਸਾਲ ਸੰਗੀਤ ਕਲਾ ਦੀ ਪ੍ਰਾਪਤੀ ਕਈ ਸਾਜਾਂ ਸਹਿਤ ਕੀਤੀ । ਉਪਰੰਤ ਆਪ ਜੀ ਵਿਦਿਆਲਾ ਤਰਨਤਾਰਨ ਤੇ ਖਾਲਸਾ ਕਾਲਜ ਯਤੀਮ ਖਾਨਾ ਗੁਜਰਾਂਵਾਲਾ ਦੇ ਸੰਗੀਤ ਉਸਤਾਦ ਰਹੇ ਅਤੇ ਸੰਗੀਤ ਕੀਰਤਨ ਕਲਾ ਰਾਹੀਂ ਸਿੱਖ ਕੌਮ ਦੀ ਨਿੱਗਰ ਸੇਵਾ ਕੀਤੀ ।

1943 ਵਿਚ ਆਪ ਜੀ ਨੇ ਜ਼ਿਲ੍ਹਾ ਗੁਜਰਾਂਵਾਲਾਂ ਦੇ ਪਿੰਡਾਂ ਦੇ ਗੁਰਦੁਆਰਿਆਂ ਵਿਚ ਧਾਰਮਿਕ ਕੇਂਦਰ ਸਥਾਪਤ ਕੀਤੇ ਅਤੇ ਪਿੰਡ ਪਿੰਡ ਫਿਰ ਕੇ ਅੰਮ੍ਰਿਤ ਪ੍ਰਚਾਰ ਕੀਤਾ । 1944 ਵਿਚ ਆਪਨੇ ਭਾਰਤ ਭਰ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਪਿਸ਼ਾਵਰ, ਬੰਬਈ, ਕਲਕੱਤਾ ਆਸਾਮ, ਕਸ਼ਮੀਰ, ਮੁਲਤਾਨ ਆਦਿ ਥਾਵਾਂ ਤੇ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਕਰਕੇ ਭਾਰੀ ਸ਼ੋਹਰਤ ਪ੍ਰਾਪਤ ਕੀਤੀ । 1945 ਵਿਚ ਆਪਨੇ ਪੰਜਾਬ ਯੂਨੀਵਰਸਿਟੀ ਦੇ ਗਿਆਨੀ ਕੋਰਸ ਦਾ 18 ਦਿਨ੍ਹਾਂ ਵਿਚ ਇਮਤਿਹਾਨ ਦੇ ਕੇ ਇਕ ਰਿਕਾਰਡ ਕਾਇਮ ਕੀਤਾ ।

1946 ਵਿਚ ਆਪ ਜੀ ਨੂੰ ਸਨਾਤਨ ਧਰਮ ਗਰਲਜ਼ ਕਾਲਜ਼ ਗੁਜਰਾਂਵਾਲਾ ਵਿਖੇ ਧਾਰਮਿਕ ਅਤੇ ਪੰਜਾਬੀ ਪ੍ਰੋਫੈਸਰ ਨਿਯੁਕਤ ਕੀਤਾ । ਇਥੇ ਹੀ ਆਪ ਜੀ ਨੇ ਪ੍ਰਾਈਵੇਟ ਸੰਗੀਤ ਕਾਲਜ ਤੇ ਗਿਆਨੀ ਕਾਲਜ ਖੋਲ੍ਹੇ ਅਤੇ ਇੱਥੋਂ ਦੇ ਪੜ੍ਹੇ ਵਿਦਿਆਰਥੀ ਯੂਨੀਵਰਸਿਟੀ ਦੇ ਇਮਤਿਹਾਨਾਂ ਵਿਚੋਂ ਹਮੇਸ਼ਾਂ ਫਸਟ, ਸੈਕਿੰਡ ਆਉਂਦੇ ਰਹੇ ।

1947 ਵਿਚ ਆਪ ਖਾਲਸਾ ਕਾਲਜ ਯਤੀਮਖਾਨਾ ਗੁੱਜਰਾਂਵਾਲਾ ਦੇ ਸੰਗੀਤ ਪ੍ਰੋਫੈਸਰ ਲੱਗੇ ਅਤੇ ਅਖੀਰ ਇਸੇ ਸਾਲ ਦੇਸ਼ ਦੇ ਬਟਵਾਰੇ ਸਮੇਂ ਭਾਰੀ ਘਲੂਘਾਰੇ ਵਿਚ ਆਪ ਦਾ ਪਰਵਾਰ ਤੇ ਬੱਚੇ ਜੋ ਆਪ ਜੀ ਦੇ ਜਨਮ ਨਗਰ ਪੱਟੂ ਭਾਈਕੇ ਵਿਖੇ ਹੀ ਸਨ, ਵਿਛੜ ਗਏ । ਆਪ ਬੜੀ ਮੁਸ਼ਕਿਲ ਨਾਲ ਸ਼ਰਨਾਰਥੀ ਕੈਂਪਾਂ 'ਚੋ ਵਿਚਰਦੇ ਹੋਏ ਇਕ ਟਰੱਕ ਵਿਚ 110 ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ, ਜੋ ਸ਼ਰਨਾਰਥੀ ਕੈਂਪਾਂ ਵਿਚ ਆਉਂਦੇ ਸਨ, ਬੜੇ ਅਦਬ ਨਾਲ ਟਿਕਾਈਆਂ ਅਤੇ ਦੂਜੇ ਟਰੱਕ ਵਿਚ ਕੁਝ ਯਤੀਮ ਬੱਚੇ, ਜਿਨ੍ਹਾਂ ਦਾ ਕੋਈ ਓਟ ਆਸਰਾ ਨਹੀਂ ਸੀ, ਬਟਵਾਰੇ ਤੋਂ ਚੌਥੇ ਮਹੀਨੇ ਪਾਕਿਸਤਾਨ ਤੋ ਨਿਕਲੇ ਅਤੇ ਬੜੀ ਮੁਸ਼ਕਿਲ ਨਾਲ ਇਹ ਯਤੀਮ ਬੱਚੇ ਅਤੇ 110 ਬੀੜਾਂ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਸਪੁਰਦ ਕੀਤੇ ਅਤੇ ਆਪ ਰਿਹਾਇਸ਼ ਲਈ ਦੇਹਰਾਦੂਨ ਜਾ ਟਿਕੇ । ਆਪ ਨੇ ਇਕ ਪੰਜਾਬੀ ਸਕੂਲ ਵੀ ਸ਼ੁਰੂ ਕੀਤਾ ਜੋ ਹੁਣ ਤੱਕ ਬੜੀ ਸ਼ਾਨ ਨਾਲ ਚੱਲ ਰਿਹਾ ਹੈ ।

1948 ਵਿਚ ਆਪ ਸਿੱਖ ਰੈਜਮੈਂਟਲ ਸੈਂਟਰ ਦੇ ਹੈਡ ਧਾਰਮਿਕ ਗ੍ਰੰਥੀ ਨਿਯੁਕਤ ਹੋਏ ਜਿਥੇ ਆਪ ਕੁਝ ਸਾਲ ਸਾਰੀਆਂ ਸਿੱਖ ਪਲਟਨਾਂ ਵਿਚ ਰਹਿਕੇ ਅੰਮ੍ਰਿਤ ਪ੍ਰਚਾਰ ਕਰਦੇ ਰਹੇ ।

1955 ਵਿਚ ਆਪ ਨੇ ਸਿੱਖ ਸੰਗਤ ਈਸਟ ਅਫਰੀਕਾ ਦੇ ਕਹਿਣੇ ਤੇ ਈਸਟ ਅਫਰੀਕਾ ਦਾ ਦੌਰਾ ਕੀਤਾ ਅਤੇ ਸੰਗਤ ਨੂੰ ਗੁਰਮਤਿ ਅਤੇ ਸਿੱਖ ਸਿਧਾਂਤਾਂ ਤੋਂ ਜਾਣੂੰ ਕਰਵਾਕੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਾਇਆ, 1956 'ਚ ਆਪ ਨੇ ਆਸਾਮ ਦੀ ਸਿੱਖ ਸੰਗਤ ਦੀ ਪ੍ਰੇਰਨਾ ਤੇ ਉਥੇ ਦਾ ਦੌਰਾ ਕੀਤਾ ਅਤੇ ਬੇਅੰਤ ਸਿੱਖ ਸ਼ਰਧਾਲੂਆਂ ਨੂੰ ਗੁਰੂ ਦੇ ਲੜ ਲਾਇਆ।

1957 'ਚ ਆਪ ਬੈਂਕਾਕ ਗਏ। ਆਪ ਇਥੇ ਗੁਰਪੁਰਬ ਲਈ ਹੀ ਪੁੱਜੇ ਸਨ ਅਤੇ ਪਰਮਿਟ ਕੇਵਲ ਇਕ ਹਫਤੇ ਦਾ ਹੀ ਸੀ, ਪਰੰਤੂ ਕੀਰਤਨ ਦੇ ਪ੍ਰੇਮੀਆਂ ਨੇ ਇੰਨੀ ਖਿੱਚ ਕੀਤੀ ਕਿ ਪੌਣੇ ਦੋ ਮਹੀਨੇ ਕਿਧਰੇ ਨਾ ਜਾਣ ਦਿੱਤਾ। ਇਸ ਅਰਸੇ ਦੌਰਾਨ ਹਰ ਵਿਚਾਰ ਦੇ ਸੱਜਣ, ਸਿੱਖ, ਸਹਿਜਧਾਰੀ, ਨਾਮਧਾਰੀ ਅਤੇ ਮੁਸਲਮਾਨਾਂ ਨੇ ਆਪ ਜੀ ਦੇ ਕਥਾ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ।

ਬੈਂਕਾਕ ਵਿਖੇ ਸਿੱਖ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨ ਉਪਰੰਤ ਆਪ ਪੀਕਾਂਗ ਰਵਾਨਾ ਹੋਏ। ਮਲਾਇਆ ਲਈ ਆਪ ਨੂੰ ਸਿਰਫ 15 ਦਿਨਾਂ ਦਾ ਪਰਮਿਟ ਹੀ ਮਿਲਿਆ ਸੀ, 15 ਦਿਨ ਕਥਾ ਕੀਰਤਨ ਅਤੇ ਅੰਮ੍ਰਿਤ ਸੰਚਾਰ ਕਰਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਕਈ ਭੁੱਲੜ ਸਿੱਖ ਵੀਰਾਂ ਨੂੰ ਗੁਰੂ ਸਾਹਿਬ ਦੇ ਲੜ ਲਾਇਆ। ਪੀਕਾਂਗ ਤੋਂ ਇਕ ਮਹੀਨਾ ਹੋਰ ਪਰਮਿਟ ਲੈ ਕੇ ਸੰਗਤ ਦੀ ਮੰਗ ਅਨੁਸਾਰ ਮਲਾਇਆ ਦੇ ਵੱਡੇ ਵੱਡੇ ਸ਼ਹਿਰਾਂ ਵਿਖੇ ਕੀਰਤਨ ਅਤੇ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਬਣਾ ਕੇ ਪੀਕਾਂਗ ਤੋਂ ਭਾਈ ਅਰਜਨ ਸਿੰਘ ਸਿੱਖ ਪਾਦਰੀ ਨੂੰ ਨਾਲ ਲੈ ਕੇ ਡੈਪਿੰਗ ਪੁੱਜੇ ਜਿਥੇ ਦੋਨੇ ਵੇਲੇ ਸੰਗਤਾਂ ਦੇ ਅਥਾਹ ਇਕੱਠ ਨੇ ਇਹਨਾਂ ਦਾ ਰਸ ਭਿੰਨਾ ਕੀਰਤਨ ਅਤੇ ਸ਼ਬਦ ਵਿਆਖਿਆ ਦਾ ਰਸ ਪਾਇਆ। ਅਗਲੇ ਦਿਨ ਆਪ ਕੁਆਲਾਲੰਪੁਰ ਪੁੱਜੇ, ਜਿਥੇ ਚਾਰ ਦਿਨ ਕੀਰਤਨ ਅਤੇ ਸ਼ਬਦ ਵਿਆਖਿਆ ਦਾ ਰਸ ਪਾਇਆ ਅਤੇ 18 ਅਗਸਤ ਨੂੰ ਗੁਰੂ ਨਾਨਕ ਸਕੂਲ ਵਿਖੇ ਸਵਰਗਵਾਸੀ ਡਾਕਟਰ ਜਗਤ ਸਿੰਘ ਪੀਕਾਂਗ ਵਾਲਿਆਂ ਦੀ ਬਰਸੀ ਤੇ ਪੁੱਜੇ। ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਆਪ ਜੀ ਦੇ ਕੀਰਤਨ ਦਾ ਆਨੰਦ ਮਾਣਿਆ ਅਤੇ ਤਕਰੀਬਨ ਦੋ ਸੌ ਡਾਲਰ ਸ਼ਬਦ ਭੇਂਟ, ਜੋ ਇਸ ਦੀਵਾਨ ਵਿਚੋਂ ਹੋਈ, ਸਾਰੀ ਦੀ ਸਾਰੀ ਮਾਇਆ ਸਿੱਖ ਵਿਦਿਅਕ ਫੰਡ ਨੂੰ ਭੇਟ ਕਰ ਦਿੱਤੀ। ਇਸ ਉਦਾਰ ਦਿੱਲੀ ਦਾ ਸਿੱਖ ਸੰਗਤਾਂ ਤੇ ਬੜਾ ਡੂੰਘਾ ਪ੍ਰਭਾਵ ਪਿਆ।

24 ਅਗਸਤ, 1957 ਨੂੰ ਆਪ ਭਾਰੀ ਮਾਨ ਸਤਿਕਾਰ ਸਹਿਤ ਕੁਆਲਾਲੰਪੁਰ ਤੋਂ ਵਿਦਾ ਹੋਏ। ਮੈਜਿਸਟਕ ਹੋਟਲ ਵਿਖੇ ਆਪ ਨੂੰ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਇੱਥੋਂ ਹੀ ਕੁਆਲਾਲੰਪੁਰ ਉਲਯਮੰਤਯੋਗ, ਮਾਲਿਮ ਡਾਸੇ ਸਰੰਬਲ ਵਿਖੇ ਸੰਗਤਾਂ ਨੂੰ ਆਪਣੇ ਰਸ ਭਿੰਨੇ ਕੀਰਤਨ ਨਾਲ ਨਿਹਾਲ ਕਰਦੇ 10 ਸਤੰਬਰ ਨੂੰ ਮਲਾਕੇ ਪੁੱਜੇ। ਇਥੇ ਦੋ ਦਿਨ ਦੋਵੇਂ ਵੇਲੇ ਕਥਾ ਕੀਰਤਨ ਦੁਆਰਾ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ, ਫਿਰ ਮੁਆਰ ਤੋਂ 14 ਸਤੰਬਰ ਨੂੰ ਆਪ 4 ਵਜੇ ਸ਼ਾਮ ਸਿੰਘਾਪੁਰ ਪੁੱਜੇ।

ਸਿੰਘਾਪੁਰ ਦੇ ਇਤਿਹਾਸ ਵਿਚ ਪਹਿਲਾ ਮੌਕਾ ਸੀ ਕਿ ਲਗਾਤਾਰ ਤਿੰਨ ਮਹੀਨੇ ਤੋਂ ਉਪਰ ਦੋਨੋ ਵੇਲੇ ਕੀਰਤਨ ਅਤੇ ਕਥਾ ਦਾ ਪਰਵਾਹ ਚਲਦਾ ਰਿਹਾ।

ਨਿਰੰਕਾਰੀ ਪੁਰਬਾਂ ਤੇ 15 ਹਜ਼ਾਰ ਸਿੱਖ ਸੰਗਤਾਂ ਦਾ ਇਕੱਠ ਵੀ ਆਪਣੀ ਮਿਸਾਲ ਆਪ ਸੀ। ਇਸ ਦੌਰਾਨ ਢਾਈ ਸੌ ਪ੍ਰਾਣੀਆਂ ਨੇ ਆਪ ਜੀ ਪਾਸੋਂ ਅੰਮ੍ਰਿਤ ਛੱਕਿਆ। ਇਸ ਦੇ ਨਾਲ ਹੀ ਆਪ ਜੀ ਨੇ ਗੁਰਦੁਆਰੇ ਦੀ ਨਵੀਂ ਬਿਲਡਿੰਗ ਬਣਾਉਣ ਲਈ ਸਿੰਘਾਪੁਰ ਦੀਆਂ ਸੰਗਤਾਂ ਦੀ ਇਕ ਬਿਲਡਿੰਗ ਕਮੇਟੀ ਦੀ ਸਥਾਪਨਾ ਕੀਤੀ।

ਇਸੇ ਤਰ੍ਹਾਂ 1975-76 ਵਿਚ ਆਪ ਜੀ ਨੇ ਕੈਨੇਡਾ ਵਿਖੇ ਲਗਾਤਾਰ 6, 7 ਮਹੀਨੇ ਕੁਨੈਲ, ਪ੍ਰਿੰਸ ਜੌਰਜ ਅਤੇ ਵਿਲੀਅਮਲੇਕਜ਼ ਦੇ ਦੌਰੇ ਸਮੇਂ ਬੇਅੰਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਗੁਰਮਤਿ ਸੰਦੇਸ਼ ਘਰ ਘਰ ਪੁਚਾਉਣ ਦਾ ਵਚਨ ਕੀਤਾ।

ਵੇਨਕੂਵਰ ਵਿਖੇ ਵੀ ਅੰਮ੍ਰਿਤ ਪਰਚਾਰ ਕੀਤਾ ਅਤੇ ਬਹੁਤ ਸਿੰਘਾਂ ਨੂੰ ਅੰਮ੍ਰਿਤ ਛਕਾ ਗੁਰਮਤਿ ਰਹਿਣੀ ਦੀ ਦਾਤ ਦਿੱਤੀ।ਆਪਨੇ ਕੀਰਤਨ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਕੈਮਲੂਪਸ ਬੀ.ਸੀ. ਦੀ ਸੰਗਤਾਂ ਨੂੰ ਵੀ ਆਪ ਜੀ ਨੇ ਆਪਣੇ ਕੀਰਤਨ ਅਤੇ ਕਥਾ ਦੁਆਰਾ ਨਿਹਾਲ ਕੀਤਾ।

ਗਿਆਨੀ ਜੀ ਦੀ ਪ੍ਰੇਰਨਾ ਸਦਕਾ ਹੀ ਭਵਖੰਡਣ ਦਰਬਾਰ ਗੁਰੂ ਸਿੱਖ ਸੁਸਾਇਟੀ ਫੋਰਟ ਨੈਲਸਨ ਬੀ. ਸੀ. ਸਿੱਖ ਸੰਗਤ ਵੱਲੋਂ 2 ਫਰਵਰੀ 1980 ਵਿਚ ਨਵੇਂ ਗੁਰਦੁਆਰਾ ਸਾਹਿਬ ਦੀ ਸਥਾਪਨਾ ਦਾ ਪ੍ਰਣ ਲਿਆ ਗਿਆ ਅਤੇ ਵਰਿਆਮ ਸਿੰਘ ਜੀ ਨੇ ਇਕ ਹਫਤਾ ਫੋਰਟ ਨੈਲਸਨ ਰਹਿ ਕੇ ਆਪਣੇ ਕੀਰਤਨ ਅਤੇ ਵਿਸ਼ੇਸ਼ਤਾ ਭਰਪੂਰ ਭਾਸ਼ਨਾਂ ਰਾਹੀਂ ਸਿੱਖ ਧਰਮ ਦੀ ਫਿਲਾਸਫੀ ਗੁਰਬਾਣੀ ਦੀ ਉਤਪਤਾ ਅਤੇ ਬਾਣੀ ਦੇ ਸਿਮਰਨ ਦੀ ਮਹੱਤਤਾ ਤੇ ਜ਼ੋਰ ਦਿੱਤਾ।

ਆਪ ਜੀ ਦਾ ਸਮੁੱਚਾ ਜੀਵਨ ਇਕ ਆਦਰਸ਼ ਜੀਵਨ ਸੀ ਅਤੇ ਆਪਣੇ ਜੀਵਨ ਦੇ ਅੰਤ ਤੱਕ ਉਨ੍ਹਾਂ ਸਵਾਸ ਸਵਾਸ ਭੁੱਲੇ ਭਟਕੇ ਪ੍ਰਾਣੀਆਂ ਨੂੰ ਗੁਰਮਤਿ ਰਾਹ ਤੇ ਚਲਣ ਦੀ ਪ੍ਰੇਰਨਾ ਦਿੰਦਿਆਂ ਬਿਤਾਇਆ। ਕੀਰਤਨ ਇੰਨਾਂ ਰਸਭਿੰਨਾ ਕਰਦੇ ਸਨ ਕਿ ਸੁਣਨ ਵਾਲੇ ਪ੍ਰਾਣੀ ਦੀ ਅੰਤਰ ਆਤਮਾ ਤੱਕ ਹਲੂਣੀ ਜਾਂਦੀ ਅਤੇ ਗੁਰਸ਼ੋਭਾ ਦੇ ਸ਼ਬਦ ਸੁਣ ਮੁਖੋਂ ਧੰਨ ਗੁਰੂ ਧੰਨ ਤੇਰੀ ਸਿੱਖੀ ਆਪ ਮੁਹਾਰੇ ਨਿਕਲਦਾ। ਆਪ ਕੇਵਲ ਭਾਰਤ ਵਿਚ ਹੀ ਨਹੀਂ ਦੇਸ਼ ਵਿਦੇਸ਼ ਦੁਨੀਆਂ ਦੇ ਤਕਰੀਬਨ ਹਰ ਵੱਡੇ ਮੁਲਕ ਵਿਚ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਰਹੇ। ਸਾਹਿਬ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਤਿਹਾਸਕ ਸਥਾਨ ਸ੍ਰੀ ਰਿਵਾਲਸਰ ਸਾਹਿਬ (ਮੰਡੀ ਸੰਕੇਤ ਹਿਮਾਚਲ) ਰਿਵਾਲਸਰ ਸੇਵਾ ਸੋਸਾਇਟੀ ਪਟਿਆਲਾ ਦੇ ਸਰਪ੍ਰਸਤ ਰਹੇ ਅਤੇ ਤਨ, ਮਨ, ਧਨ ਨਾਲ ਸੇਵਾ ਕੀਤੀ। ਅਮਰੀਕਾ, ਕਨੇਡਾ, ਯੂ.ਕੇ. ਦੀ ਯਾਤਰਾ ਤੋਂ ਪਰਤਣ ਉਪਰੰਤ ਰਿਵਾਲਸਰ ਸੇਵਾ ਸੋਸਾਇਟੀ ਵੱਲੋਂ ਗੁਰੂ ਅੰਗਦ ਦਰਬਾਰ ਪਟਿਆਲਾ ਵਿਖੇ 14 ਦਸੰਬਰ 1980 ਨੂੰ

(ਬਾਕੀ ਸਫਾ 27)

ਭੁੱਲੇ ਵਿਸਰੇ ਸੰਗੀਤਕਾਰ

# ਭਾਈ ਜਵੰਦ ਸਿੰਘ ਮਹਿਰਾ

— ਬਲਬੀਰ ਸਿੰਘ ਕੰਵਲ

ਉਨ੍ਹੀਵੀਂ ਸਦੀ ਸਿਸਕੀਆਂ ਲੈਣ ਤੇ ਆਈ ਹੋਈ ਸੀ ਕਿ ਜੰਡਿਆਲਾ ਦੇ ਲਾਗੇ ਇਕ ਪਿੰਡ ਭਗਵਾਂ ਵਿਖੇ ਜਨਮ ਲੈਣ ਵਾਲਾ ਇਕ ਕੀਰਤਨਕਾਰ ਦਿੱਲੀ ਦੇ ਇਕ ਗੁਰਦੁਆਰੇ ਕੀਰਤਨ ਕਰ ਰਿਹਾ ਸੀ। ਰਾਵਲ ਪਿੰਡੀ ਦਾ ਇਕ ਪ੍ਰਸਿੱਧ ਠੇਕੇਦਾਰ ਬੂਟਾ ਸਿੰਘ ਜਿਸ ਨੇ ਉਨ੍ਹੀਂ ਦਿਨ੍ਹੀਂ ਫਿਰੋਜ਼ਪੁਰ ਕਿਲ੍ਹੇ ਦਾ ਠੇਕਾ ਲਿਆ ਹੋਇਆ ਸੀ। ਉਸਨੇ ਉਸ ਨੂੰ ਸੁਣਿਆ ਅਤੇ ਉਸ ਦੇ ਕੀਰਤਨ ਤੋਂ ਪ੍ਰਭਾਵਤ ਹੋਣ ਦੀ ਸੂਰਤ ਵਿਚ ਉਸ ਨੂੰ ਬਾਰਾਂ ਰੁਪਏ ਮਹੀਨਾ ਨੌਕਰੀ ਦੇਣ ਦੀ ਪੱਕੀ ਠੱਕੀ ਕਰ ਕੇ ਫਿਰੋਜ਼ਪੁਰ ਲੈ ਆਇਆ, ਜਿੱਥੇ ਉਸਦਾ ਸਹੁਰਾ ਚੌਕੀਦਾਰ ਲੱਗਾ ਹੋਇਆ ਸੀ। ਕੀਰਤਨੀਆ ਕਿਲ੍ਹੇ ਵਿਚ ਕੰਮ ਕਰਦਿਆਂ ਬੰਦਿਆਂ ਤੇ ਮੁਨਸ਼ੀ ਲੱਗ ਗਿਆ ਅਤੇ ਆਪਣੇ ਸੱਸ ਸਹੁਰੇ ਕੋਲ ਏਥੇ ਹੀ ਰਹਿਣ ਲੱਗ ਪਿਆ। ਭਾਵੇਂ ਉਸ ਦਾ ਪਿੱਛਾ ਅੰਮ੍ਰਿਤਸਰ ਜ਼ਿਲ੍ਹੇ ਦਾ ਸੀ, ਪਰ ਜੀਉਂਦੇ ਜੀ ਵਧੇਰੇ ਏਥੇ ਰਹਿਣ ਕਰਕੇ ਫਿਰੋਜ਼ਪੁਰ ਵਾਲਾ ਸਦਵਾਇਆ।

ਆਪ ਨੇ ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਤੋਂ ਇਹ ਹੀ ਮੰਗ ਮੰਗੀ ਸੀ ਕਿ ਮੈਨੂੰ ਮਾਇਆ ਦੀ ਲੇਪ ਨਾ ਲੱਗੇ। ਏਹੀ ਕਾਰਨ ਸੀ ਕਿ ਆਪ ਨੇ ਆਪਣੇ ਚੋਗੇ ਨੂੰ ਕਦੇ ਕੋਈ ਬੋਝਾ ਨਹੀਂ ਸੀ ਲਗਵਾਇਆ ਅਤੇ ਮਾਇਆ ਤੋਂ ਸਦਾ ਨਿਰਲੇਪ ਹੀ ਰਹੇ। ਏਥੋਂ ਤੱਕ ਕਿ ਆਪ ਦੀ ਪਤਨੀ ਗੁਜ਼ਰ ਜਾਣ ਸਮੇਂ ਵਾਲੀਏ-ਫਰੀਦਕੋਟ ਦੇ ਇਕ ਅਹਿਲਕਾਰ ਨੇ ਮਹਾਰਾਜ ਨੂੰ ਜਦੋਂ ਇਹ ਗੱਲ ਆਖੀ ਕਿ ਇਨ੍ਹਾਂ ਦੇ ਪੁੱਤਰ ਸੰਤਾ ਸਿੰਘ ਨੂੰ ਕੋਈ ਵਜ਼ੀਫਾ ਲਾਓ ਜਾਂ ਜਾਗੀਰ ਦਿਓ ਤਾਂ ਵਿਚੋਂ ਆਪਦਾ ਇਹ ਉੱਤਰ ਸੀ, "ਨਾ ਭਈ ਨਾ, ਬਿਲਕੁਲ ਨਹੀਂ। ਰੁਲ੍ਹ ਖੁਲ੍ਹ ਕੇ ਜਿਵੇਂ ਮੈਂ ਪਲ ਗਿਆ ਹਾਂ, ਇਸੇ ਤਰ੍ਹਾਂ ਇਹ ਵੀ ਪਲ੍ਹ ਜਾਏਗਾ।" ਮੀਂਹ ਜਾਵੇ ਚਾਹੇ ਹਨੇਰੀ, ਆਪ ਇਸ਼ਨਾਨ ਦੋ ਵੇਲੇ ਕਰਦੇ, ਬੁਖਾਰ ਭਾਵੇਂ 104 ਤੱਕ ਵੀ ਕਿਉਂ ਨਾ ਹੋਵੇ। ਕੀਰਤਨ ਤੋਂ ਛੁੱਟ, ਨਿਤਨੇਮ ਅਤੇ ਸਿਮਰਨ ਵਿਚ ਜੁਟੇ ਰਹਿੰਦੇ। ਆਪਣੇ ਤਪ ਸਦਕਾ ਲੋਕੀ ਉਨ੍ਹਾਂ ਨੂੰ 'ਸੰਤ' ਕਹਿਣ ਲੱਗ ਪਏ ਸਨ, ਪਰ ਅਜਿਹਾ ਅਖਵਾ ਕੇ ਆਪ ਖੁਸ਼ ਨਹੀਂ ਸਨ ਹੁੰਦੇ ਹੁੰਦੇ। ਗੁਰੂ ਸਾਹਿਬਾਨ ਤੋਂ ਛੁੱਟ ਆਪ ਬਾਬਾ ਫਰੀਦ ਜੀ ਦੀ ਬਾਣੀ ਦਾ ਵਧੇਰੇ ਗਾਇਨ ਕਰਦੇ ਸਨ, ਜਿਸ ਕਰਕੇ ਕੁਝ ਲੋਕੀ ਸ਼ਰਧਾਵਸ ਹੋ ਕੇ ਉਨ੍ਹਾਂ ਨੂੰ ਦੂਜਾ ਫਰੀਦ ਵੀ ਆਖਣ ਲੱਗ ਪਏ ਸਨ। ਉਨ੍ਹਾਂ ਦੀਆਂ ਧਾਰਨਾਵਾਂ ਰਸ-ਭਿੰਨੀਆਂ ਪਰ ਸਿੱਧੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਸੰਗਤਾਂ ਨਾਲ ਗਾ ਕੇ ਬੜਾ ਖੁਸ਼ ਹੁੰਦੀਆਂ। ਆਪ ਦੇ ਨਾਲ ਰਤਨ ਸਿੰਘ ਢੋਲਕੀ ਵਜਾਉਂਦੇ, ਹਰਨਾਮ ਸਿੰਘ ਵਾਜੇ ਤੇ ਹੁੰਦੇ ਅਤੇ ਜਥੇ ਦੇ ਪਿੱਛੇ ਕੁਝ ਹੋਰ ਬੰਦੇ ਜਿਵੇਂ ਕਿ ਭਾਈ ਲਾਲ ਸਿੰਘ, ਜਥੇਦਾਰ ਠਾਕੁਰ ਸਿੰਘ ਅਤੇ ਭਗਤ ਸਿੰਘ ਵੀ ਨਾਲ ਬੈਠਦੇ। 'ਹੋਏ ਵਰਖਾ ਅੰਮ੍ਰਿਤ ਦੀ, ਸਤਿਗੁਰ ਦੇ ਦਰਬਾਰ', 'ਮਨ ਮੋਹ ਲਿਆ ਗੁਰ ਨਾਨਕ ਨੇ, ਅੰਮ੍ਰਿਤ ਸ਼ਬਦ ਸੁਣਾਇਆ।' ਜਦੋਂ ਵੀ ਆਪ ਅਜਿਹੀਆਂ ਸਾਦ ਮੁਰਾਦੀਆਂ ਧਾਰਨਾਂ ਦਾ ਲਿਵਲੀਨ ਹੋ ਕੇ ਗਾਇਨ ਕਰਦੇ ਤਾਂ ਜਾਣੋ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਣ ਲਗਦੇ।

ਕੰਨਿਆ ਮਹਾਂ ਵਿਦਿਆਲਾ ਦੇ ਉਸਰੱਈਏ ਚੌਧਰੀ ਅਤਰ ਸਿੰਘ, ਬਾਵਾ ਪਾਲਾ ਸਿੰਘ ਜਥੇਦਾਰ, ਠਾਕੁਰ ਸਿੰਘ, ਬਾਬੂ ਸੁੰਦਰ ਸਿੰਘ ਛਾਉਣੀ ਵਾਲੇ, ਹਕੀਮ ਚੂਹੜਭਾਨ, ਡਾ: ਅਮਰੀਕ ਸਿੰਘ, ਡਾ: ਬਲਵੰਤ ਸਿੰਘ, ਭਾਨਾ ਮੱਲ ਐਡਵੋਕੇਟ, ਸ਼ਹਿਰ ਦੇ ਇਹ ਸਭ ਪਤਵੰਤੇ ਉਨ੍ਹਾਂ ਦੇ ਖਾਸ ਤੌਰ ਤੇ ਮੁਦਾਹ ਸਨ। ਆਪ ਆਸਾ ਦੀ ਵਾਰ ਲਾਉਂਦੇ, ਤਾਂ ਜਾਣੋਂ ਜਿਵੇਂ ਅੰਮ੍ਰਿਤ ਵਰਖਾ ਹੋਣ ਲਗਦੀ। ਉਨ੍ਹਾਂ ਦੀ ਲੱਗੀ ਸਟੇਜ ਦਾ ਤੇਜ ਹੀ ਕੁਝ ਹੋਰ ਹੁੰਦਾ ਸੀ। ਪੰਜਾਬ ਭਰ ਚੋਂ ਲੜਕੀਆਂ ਦੇ ਸਭ ਤੋਂ ਪੁਰਾਣੇ ਕੰਨਿਆ ਮਹਾਂ ਵਿਦਿਆਲਾ ਦੀ ਉਸਾਰੀ ਵਾਸਤੇ ਮਾਇਆ ਲਈ ਇਕ ਵੇਰ ਆਪ ਨੇ ਚੀਨ ਦਾ ਦੌਰਾ ਵੀ ਕੀਤਾ ਸੀ।

ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਵੇਸਵਾਵਾਂ ਲਈ ਫੀਰੋਜ਼ਪੁਰ ਦੀ ਹੀਰਾ ਮੰਡੀ ਵੀ ਮਸ਼ਹੂਰ ਹੁੰਦੀ ਸੀ, ਜਿੱਥੇ ਕਸੂਰ ਤੋਂ ਬੜੇ ਗੁਲਾਮ ਅਲੀ ਖਾਂ ਵਰਗੇ ਵੀ ਉਨ੍ਹਾਂ ਦਾ ਗਾਉਣ ਸੁਣਨ ਆਇਆ ਕਰਦੇ ਸਨ। ਏਥੇ ਇਸ ਗੱਲ ਦੀ ਵਜ਼ਾਹਤ ਕਰਨੀ ਬੜੀ ਲਾਜ਼ਮੀ ਜਾਪਦੀ ਹੈ ਕਿ ਇਸ ਵਿਚ ਬੁਰੇ ਕਰਮ ਜਾਂ ਕਾਮ ਵਾਸ਼ਨਾ ਨੂੰ ਬਹੁਤਾ ਦਖਲ ਨਹੀਂ ਸੀ ਹੁੰਦਾ ਸਗੋਂ ਅਮੀਰਾਂ ਜਾਂ ਰਸੀਆਂ ਵੱਲੋਂ ਮੁਜਰਾ ਆਦਿ ਸੁਣਨਾ ਸਾਡੇ ਉਸ ਸਮੇਂ ਦੇ ਮੁਆਸ਼ਰੇ ਦਾ ਇਕ ਅੰਗ ਹੁੰਦਾ ਸੀ। ਪ੍ਰਸਿੱਧ ਘਟਨਾ ਹੈ ਕਿ ਏਥੇ ਦੀਆਂ ਦੋ ਪ੍ਰਸਿੱਧ ਵੇਸਵਾਵਾਂ, ਜਿਨ੍ਹਾਂ ਵਿਚੋਂ ਇਕ ਦਾ ਨਾਂ ਰਾਜੋ ਸੀ, ਨੇ ਜਦੋਂ ਇਨ੍ਹਾਂ ਨੂੰ ਗਾਉਂਦਿਆਂ ਸੁਣਿਆ ਤਾਂ ਉਹ ਐਨਾ ਪ੍ਰਭਾਵਿਤ ਹੋਈਆਂ ਕਿ ਪੁੱਛਣ ਲੱਗੀਆਂ "ਅਸੀਂ ਇਨ੍ਹਾਂ ਨੂੰ ਸੁਣਨਾ ਚਾਹੁੰਦੀਆਂ ਹਾਂ, ਕੀ ਫੀਸ ਹੈ ? ਅੱਗੋਂ ਉੱਤਰ ਸੀ, "ਸਿਰਫ ਦਸ ਰੁਪਏ। ਪੰਜ ਕੜਾਹ ਪ੍ਰਸ਼ਾਦਿ ਲਈ, ਢਾਈ ਰੁਪਿਆਂ ਦੇ ਫੁੱਲਾਂ ਦੇ ਹਾਰ ਅਤੇ ਢਾਈ ਰੁਪਏ ਜਥੇ ਦੀ ਲੱਸੀ ਪਾਣੀ ਲਈ ।" ਇਸ ਵੇਰ ਰਾਜੋ ਐਨੀ ਪ੍ਰਭਾਵਿਤ ਹੋਈ ਕਿ ਪ੍ਰੋਗਰਾਮ ਪਿੱਛੋਂ ਉਹ ਉਨ੍ਹਾਂ ਦੇ ਚਰਨੀਂ ਢਹਿ ਪਈ ਅਤੇ ਉਨ੍ਹਾਂ ਕੋਲੋਂ ਸਿੱਖੀ ਦਾਨ ਮੰਗਣ ਲੱਗ ਪਈ। ਪਰ ਉਨ੍ਹਾਂ ਦਾ ਅੱਗਿਉਂ ਇਹ ਉਤਰ ਸੀ ਕਿ ਪਹਿਲਾਂ ਉਹ ਵਿਆਹੁਤਾ ਜ਼ਿੰਦਗੀ 'ਚ ਪ੍ਰਵੇਸ਼ ਕਰ ਲਏ। ਨਤੀਜੇ ਵਜੋਂ ਕੁਝ ਦਿਨਾਂ ਪਿਛੋਂ ਉਸ ਨੂੰ ਅੰਮ੍ਰਿਤ ਛਕਾਇਆ ਗਿਆ। ਉਸਦਾ ਨਾਂ ਬਦਲ ਕੇ ਹੁਕਮ ਕੌਰ ਰੱਖ ਦਿੱਤਾ ਗਿਆ ਅਤੇ ਸੇਵਾ ਸਿੰਘ ਕੰਬੋਜ ਨਾਂ ਦੇ ਇਕ ਵਿਅਕਤੀ ਨਾਲ ਉਸਦੀ ਸ਼ਾਦੀ ਕਰ ਦਿੱਤੀ ਗਈ।

ਉਸ ਦੌਰ ਦੀ ਹੀਰਾ ਮੰਡੀ ਵਿਚ ਬੈਠੀ ਕੋਈ ਮੁਸਲਮਾਨ ਤਵਾਇਫ ਕਿਸੇ ਸਿੱਖ ਕੀਰਤਨਕਾਰ ਦੇ ਗਾਇਨ ਤੋਂ ਐਨਾ ਖੁਸ਼ ਹੋਵੇ, ਉਸ ਸਮੇਂ ਦੀ ਇਕ ਅਦੁੱਤੀ ਮਿਸਾਲ ਸੀ। ਨਹੀਂ ਤਾਂ ਕੀ ਮੁਸਲਮਾਨ ਉਸਤਾਦਾਂ ਅਤੇ ਕੀ ਕੰਚਨੀਆਂ ਨੇ ਸਿੱਖ ਸੰਗੀਤਕਾਰਾਂ ਦਾ ਲੋਹਾ ਕਦੇ ਘਟ ਹੀ ਮੰਨਿਆ।

ਆਪ ਸਾਦ ਮੁਰਾਦੀ ਕਵਿਤਾ ਵੀ ਜੋੜਦੇ ਸਨ ਅਤੇ "ਜੀਵਨ ਮੁਕਤ" ਤਖੱਲਸ ਕਰਦੇ ਸਨ। ਆਪ ਦਾ ਦਿਹਾਂਤ ਰਾਜਾ ਸਾਂਸੀ ਵਿਖੇ ਪੰਤਾਲੀ ਸਾਲ ਦੀ ਉਮਰ ਵਿਚ 1922 ਈ ਵਿਚ ਹੋਇਆ।

—0—

# ਧਰਮਵੀਰ ਨਾਗਰਾ ਦਾ ਸੰਗੀਤ-ਅਧਿਐਨ

—ਪ੍ਰੋ. ਨਵ ਸੰਗੀਤ ਸਿੰਘ

ਸੰਗੀਤ ਇਕ ਕੋਮਲ ਕਲਾ ਹੈ। ਪੰਜਾਬੀ ਸੰਗੀਤ ਬਾਰੇ ਵਿਦਵਾਨਾਂ ਨੇ ਬਹੁਤ ਘੱਟ ਕੰਮ ਕੀਤਾ ਹੈ ਅਤੇ ਲੋਕ-ਸੰਗੀਤ ਬਾਰੇ ਤਾਂ ਹੋਰ ਵੀ ਘੱਟ। ਪੰਜਾਬੀ ਕਵੀਆਂ ਦੇ ਕਾਵਿ ਵਿੱਚ ਸੰਗੀਤਾਤਮਕ ਤੱਤ ਢੂੰਢਣ ਬਾਰੇ ਕੁਝ-ਇਕ ਵਿਕੋਲਿਤਰੇ ਪ੍ਰਯੋਗ ਜ਼ਰੂਰ ਹੋਏ ਹਨ; ਪਰ ਕਿਸੇ ਕਵੀ ਵਿਸ਼ੇਸ਼ ਦੀਆਂ ਕਵਿਤਾਵਾਂ/ਗੀਤਾਂ ਦਾ ਨਿਸ਼ਚਿਤ ਰਾਗ/ਤਾਲ ਵਿਚ ਗਾਇਨ ਅਤੇ ਉਨ੍ਹਾਂ ਨੂੰ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕਰਨਾ ਹੋਰ ਵੀ ਕਠਿਨ ਕਾਰਜ ਹੈ।

ਧਰਮਵੀਰ ਸਿੰਘ ਨਾਗਰਾ, ਜੋ ਪਿਛਲੇ 7-8 ਸਾਲਾਂ ਤੋਂ ਸੰਗੀਤ-ਅਧਿਐਨ ਨਾਲ ਜੁੜਿਆ ਹੋਇਆ ਹੈ, ਨੇ ਥੋੜ੍ਹੇ ਹੀ ਸਮੇਂ ਵਿੱਚ ਸੰਗੀਤ ਬਾਰੇ ਚਾਰ ਪੁਸਤਕਾਂ ਦੀ ਰਚਨਾ ਕਰਕੇ ਇਸ ਖੇਤਰ ਵਿੱਚ ਲਗਭਗ ਪਹਿਲ ਕੀਤੀ ਹੈ। ਮੂਲ ਤੌਰ ਤੇ ਨਾਗਰਾ ਇਕ ਸਟੇਜੀ ਕਲਾਕਾਰ ਹੈ, ਪਰ ਸੰਗੀਤ (ਗਾਇਨ) ਦੀ ਐਮ.ਏ. ਕਾਰਨ ਪਿਛੋਂ ਉਸਨੇ ਆਪਣਾ ਧਿਆਨ ਖੋਜ-ਕਾਰਜ ਵੱਲ ਵੀ ਕੇਂਦ੍ਰਿਤ ਕੀਤਾ ਹੈ। ਉਸ ਦੀਆਂ ਪੁਸਤਕਾਂ ਵਿਚ 'ਪੰਜਾਬੀ ਲੋਕ ਸੰਗੀਤ : ਇਕ ਅਧਿਐਨ', 'ਸ਼ਿਵ ਕੁਮਾਰ ਬਟਾਲਵੀ ਦੇ ਕਾਵਿ ਦਾ ਸੰਗੀਤਾਤਮਕ ਅਧਿਐਨ', 'ਭਾਰਤੀ ਗ੍ਰੰਥ' (ਭਾਗ ਪਹਿਲਾ ਦਾ ਪੰਜਾਬੀ ਅਨੁਵਾਦ) ਅਤੇ 'ਡਾਇਰੈਕਟਰੀ ਆਫ ਪੰਜਾਬੀ ਮਿਊਜ਼ੀਸ਼ਨਜ਼' ਸ਼ਾਮਲ ਹਨ। ਪਿਛਲੀਆਂ ਦੋ ਪੁਸਤਕਾਂ ਉਸਨੇ ਹੋਰਨਾਂ ਲੇਖਕਾਂ ਨਾਲ ਮਿਲ ਕੇ ਲਿਖੀਆਂ ਹਨ। 'ਭਾਰਤੀ ਸੰਗੀਤ ਗ੍ਰੰਥ' ਨਾਂ ਦੀ ਪੁਸਤਕ ਪੰਡਤ ਦਮੋਦਰ ਦੇ ਗ੍ਰੰਥ 'ਸੰਗੀਤ ਦਰਪਣ' ਦਾ ਪੰਜਾਬੀ ਅਨੁਵਾਦ ਹੈ। ਜਿਸ ਵਿਚ ਭਾਰਤੀ ਰਾਗਾਂ ਦੀ ਜਾਣਕਾਰੀ ਉਪਲਬਧ ਹੈ। 'ਪੰਜਾਬੀ ਸੰਗੀਤਕਾਰਾਂ ਦੀ ਡਾਇਰੈਕਟਰੀ' ਨਾਂ ਦੀ ਪੁਸਤਕ ਪੰਜਾਬੀ ਤੇ ਅੰਗ੍ਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਛਪੀ ਹੈ। ਇਸ ਵਿਚ ਪੰਜਾਬੀ ਦੇ ਕੁੱਲ 88 ਸੰਗੀਤਕਾਰਾਂ ਬਾਰੇ ਬੜੀ ਸੰਖੇਪ ਪਰ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ। ਡਾਇਰੈਕਟਰੀ ਦਾ ਇਹ ਪਹਿਲਾ ਸੰਸਕਰਣ ਹੋਣ ਕਾਰਨ ਇਸ ਵਿੱਚ ਸਮੁੱਚੇ ਪੰਜਾਬੀ ਸੰਗੀਤਕਾਰਾਂ ਬਾਰੇ ਜਾਣਕਾਰੀ ਸ਼ਾਮਲ ਨਹੀਂ ਕੀਤੀ ਜਾ ਸਕੀ। ਚੰਗਾ ਹੁੰਦਾ ਜੇਕਰ ਡਾਇਰੈਕਟਰੀ ਵਿਚ ਵਿਭਿੰਨ ਸੰਗੀਤਕਾਰਾਂ ਦੀਆਂ ਫੋਟੋਆਂ ਵੀ ਨਾਲੋ-ਨਾਲ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ!

'ਫਾਰਮ' ਦੀ ਦ੍ਰਿਸ਼ਟੀ ਤੋਂ ਧਰਮਵੀਰ ਨਾਗਰਾ ਦੀਆਂ ਪਹਿਲੀਆਂ ਦੋ ਪੁਸਤਕਾਂ ਬਹੁਤ ਮਹੱਤਵਪੂਰਣ ਹਨ। ਪਹਿਲੀ ਪੁਸਤਕ ਵਿਚ ਲੇਖਕ ਨੇ ਪੰਜਾਬੀ ਲੋਕ-ਗੀਤਾਂ ਦਾ ਅਧਿਐਨ (ਸਮਾਜਕ, ਆਰਥਕ, ਸਭਿਆਚਾਰਕ ਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ) ਪੇਸ਼ ਕੀਤਾ ਹੈ। ਸਮਾਜਕ ਪੱਖ ਵਿਚ ਹਰਿਆ, ਲੋਰੀ, ਕਿਕਲੀ, ਬੋਲੀ, ਸੁਹਾਗ, ਘੋੜੀ, ਸਿਠਣੀਆਂ, ਛੰਦ ਆਦਿ ਬਾਰੇ, ਸਭਿਆਚਾਰਕ ਪੱਖ ਵਿਚ ਲੋਹੜੀ, ਤ੍ਰਿੰਞਣ, ਛੱਲਾ, ਟੱਪਾ, ਮਾਹੀਆ, ਤੀਆਂ, ਗਿੱਧਾ, ਸੱਦ, ਜੁਗਨੀ, ਭੰਗੜਾ ਆਦਿ ਬਾਰੇ ਵਿਭਿੰਨ ਗੀਤਾਂ ਦੀਆਂ ਉਦਾਹਰਣਾਂ ਅਤੇ ਧੁਨਾਂ ਅੰਕਿਤ ਕੀਤੀਆਂ ਗਈਆਂ ਹਨ।

ਸ਼ਿਵ ਕੁਮਾਰ ਬਟਾਲਵੀ ਲੇਖਕ ਦਾ ਪਸੰਦੀਦਾ ਸ਼ਾਇਰ ਹੈ । ਕਰੀਬ 7-8 ਸਾਲ ਪਹਿਲਾਂ ਪਟਿਆਲੇ ਵਿਖੇ ਸ਼ਿਵ ਦੇ ਕੁਝ ਪ੍ਰਤੀਨਿਧ ਗੀਤਾਂ ਨੂੰ ਧਰਮਵੀਰ ਨਾਗਰਾ ਦੀ ਸੰਗੀਤ-ਨਿਰਦੇਸ਼ਨਾ ਅਧੀਨ ਪ੍ਰਸਤੁਤ ਕੀਤਾ ਗਿਆ ਸੀ । 'ਸ਼ਿਵ ਕੁਮਾਰ ਬਟਾਲਵੀ ਦੇ ਕਾਵਿ ਦਾ ਸੰਗੀਤਾਤਮਕ ਅਧਿਐਨ' ਇਸ ਪ੍ਰਸੰਗ ਵਿਚ ਉਸਦੀ ਇਕ ਵਿਲੱਖਣ ਪੁਸਤਕ ਹੈ। ਪੁਸਤਕ ਦੇ ਦੋ ਭਾਗ ਹਨ : ਪਹਿਲੇ ਭਾਗ ਵਿਚ ਰਾਗ, ਸੁਰ, ਆਲਾਪ, ਕਾਫ਼ੀ ਆਦਿ ਬਾਰੇ ਸੰਖੇਪ ਜਾਣਕਾਰੀ ਦੇ ਕੇ ਵੱਖ-ਵੱਖ ਗਾਇਕਾਂ ਵੱਲੋਂ ਸ਼ਿਵ ਦੇ ਗਾਏ ਗਏ ਗੀਤਾਂ ਬਾਰੇ ਚਰਚਾ ਕੀਤੀ ਗਈ ਹੈ। ਇਨ੍ਹਾਂ ਗਾਇਕਾਂ ਵਿਚ ਪੁਸ਼ਪਾ ਹੰਸ, ਜਗਜੀਤ-ਚਿਤਰਾ, ਆਸਾ ਸਿੰਘ ਮਸਤਾਨਾ, ਜਗਜੀਤ ਜ਼ੀਰਵੀ, ਕੇ. ਦੀਪ ਅਤੇ ਸੁਰਿੰਦਰ ਕੌਰ ਆਦਿ ਦੇ ਨਾਂ ਪ੍ਰਮੁੱਖ ਹਨ। ਲੇਖਕ ਦੇ ਵਿਚਾਰ ਅਨੁਸਾਰ ਇਨ੍ਹਾਂ ਗਾਇਕਾਂ ਨੇ ਸ਼ਿਵ ਦੀਆਂ ਮੂਲ ਧੁਨਾਂ ਨੂੰ ਹੀ ਆਧਾਰ ਬਣਾ ਕੇ ਗਾਉਣ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੇ ਇਹ ਸਪਸ਼ਟ ਕੀਤਾ ਹੈ ਕਿ ਇਨ੍ਹਾਂ ਗਾਇਕਾਂ/ਸੰਗੀਤਕਾਰਾਂ ਨੇ ਅਚੇਤ/ਸੁਚੇਤ ਤੌਰ ਤੇ ਸ਼ਿਵ ਦੀਆਂ ਧੁਨਾਂ ਦਾ ਅਨੁਕਰਣ ਮਾਤਰ ਹੀ ਕੀਤਾ ਹੈ ।

ਇਸ ਪੁਸਤਕ ਦਾ ਦੂਜਾ ਭਾਗ 'ਸੁਰ ਸੰਰਚਨਾ' ਫਾਰਮ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ, ਜਿਸ ਵਿਚ ਧਰਮਵੀਰ ਨਾਗਰਾ ਨੇ ਸ਼ਿਵ ਦੀਆਂ 12 ਰਚਨਾਵਾਂ (5 ਗੀਤ, 4 ਕਵਿਤਾਵਾਂ ਅਤੇ 3 ਗ਼ਜ਼ਲਾਂ) ਨੂੰ ਰਾਗਾਂ ਵਿਚ ਬੰਨ੍ਹ ਕੇ ਅਧਿਐਨ ਦਾ ਵਿਸ਼ੈ ਬਣਾਇਆ ਹੈ। ਬੇਸ਼ਕ ਇਨ੍ਹਾਂ ਰਾਗਾਂ ਤੋਂ ਇਲਾਵਾ ਹੋਰ ਰਾਗਾਂ ਵਿਚ ਵੀ ਸ਼ਿਵ ਦੇ ਗੀਤਾਂ ਨੂੰ ਗਾਇਆ ਜਾ ਸਕਦਾ/ਜਾਂਦਾ ਹੈ, ਪਰ ਅਜਿਹਾ ਕਰਦੇ ਸਮੇਂ ਇਸ ਗੱਲ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ ਕਿ ਗੀਤ ਦੇ ਮੂਲ ਸ਼ਬਦਾਂ ਵਿਚ ਹੇਰ-ਫੇਰ ਨਾ ਕੀਤਾ ਜਾਏ, ਕਿਉਂਕਿ ਅਜਿਹਾ ਕਰਨ ਨਾਲ ਕਈ ਵੇਰ ਅਰਥਾਂ ਦਾ ਅਨਰਥ ਹੋ ਜਾਂਦਾ ਹੈ। ਦੂਜੀ ਗੱਲ, ਸ਼ਿਵ ਦੇ ਗੀਤਾਂ ਵਿਚ ਕਿਉਂਕਿ ਸੋਜ਼, ਬ੍ਰਿਹਾ, ਮੌਤ, ਦਰਦ ਆਦਿ ਦੇ ਭਾਵਾਂ ਦੀ ਅਭਿ-ਵਿਅਕਤੀ ਵਧੇਰੇ ਮਾਤਰਾ ਵਿਚ ਹੋਈ ਹੈ, ਇਸ ਲਈ ਇਹ ਗੀਤ ਗਾਉਂਦੇ ਸੁਰਬੱਧ ਕਰਦੇ ਸਮੇਂ ਇਸ ਗੱਲ ਤੋਂ ਸੁਚੇਤ ਹੋਣਾ ਜ਼ਰੂਰੀ ਹੈ ਕਿ ਆਰਕੈਸਟਰਾ/ਡਰੱਮ ਆਦਿ ਦੀ ਵਰਤੋਂ ਉਚਿਤ ਮਾਤਰਾ ਵਿਚ ਹੀ ਹੋਵੇ ਅਤੇ ਜੇਕਰ ਇਨ੍ਹਾਂ ਨੂੰ ਨਿਰੋਲ ਲੋਕ-ਧੁਨਾਂ ਵਿਚ ਬੰਨ੍ਹ ਕੇ ਹੀ ਪ੍ਰਸਤੁਤ ਕੀਤਾ ਜਾ ਸਕੇ ਤਾਂ ਹੋਰ ਵੀ ਵਧੇਰੇ ਯੋਗ ਹੋਵੇਗਾ।

ਇਹ ਸਾਰੀਆਂ ਹੀ ਪੁਸਤਕਾਂ ਲੇਖਕ ਦੀ ਵਿਸ਼ੇਸ਼ ਲਗਨ ਅਤੇ ਸੂਝ ਦੀਆਂ ਪਰਿਚਾਇਕ ਹਨ। ਪਰ ਪਰੂਫ਼ ਰੀਡਿੰਗ ਦੀਆਂ ਬਹੁਤ ਸਾਰੀਆਂ ਗਲਤੀਆਂ ਪੁਸਤਕਾਂ ਦੇ ਪ੍ਰਭਾਵ ਨੂੰ ਕੁਝ ਧੁੰਦਲਾ ਜ਼ਰੂਰ ਕਰਦੀਆਂ ਹਨ। ਮਿਸਾਲ ਵਜੋਂ : ਸੁਭਾਨਿਤ ਸੈਣੀ ਦੀ ਐਂਟਰੀ ਅਧੀਨ ਅੰਗਰੇਜ਼ੀ ਵਿਚ ਉਸਨੂੰ ਡਾਂਸ ਵਿਭਾਗ ਦਾ ਮੁਖੀ ਅਤੇ ਪੰਜਾਬੀ ਵਿਚ ਸੰਗੀਤ ਵਿਭਾਗ ਦਾ ਮੁਖੀ ਲਿਖਿਆ ਹੈ, ਪ੍ਰੋ. ਤਾਰਾ ਸਿੰਘ ਦੀ ਐਂਟਰੀ ਵਿਚ ਉਸਦਾ ਘਰ ਦਾ ਪਤਾ ਛਪਣੋਂ ਰਹਿ ਗਿਆ ਹੈ, ('ਡਾਇਰੈਕਟਰੀ' ਪੰਨੇ ਕ੍ਰਮਵਾਰ 85, 93); ਛੱਲਾ ਗੀਤ ਦੀ ਧੁਨ ਦੋ ਵੇਰ ਛਪ ਗਈ ਹੈ ('ਪੰਜਾਬੀ ਲੋਕ ਸੰਗੀਤ', ਪੰਨੇ 72, 85) ਪੁਸਤਕਾਂ ਦੀ ਛਪਾਈ ਅਤੇ ਟਾਈਟਲ ਬਹੁਤ ਪ੍ਰਭਾਵਸ਼ਾਲੀ ਹਨ। ਸਾਡਾ ਵਿਸ਼ਵਾਸ ਹੈ ਕਿ ਧਰਮਵੀਰ ਨਾਗਰਾ ਆਪਣੇ ਖੋਜ-ਕਾਰਜ ਨੂੰ ਇਸੇ ਤਰ੍ਹਾਂ ਗਤੀਸ਼ੀਲ ਰੱਖੇਗਾ ਅਤੇ ਪੰਜਾਬੀ ਦੇ ਹੋਰਨਾਂ ਪ੍ਰਤੀਨਿਧ ਸ਼ਾਇਰਾਂ [illegible] ਕਰਕੇ ਪੰਜਾਬੀ ਸੰਗੀਤ ਦੇ ਖ਼ਜ਼ਾਨੇ ਨੂੰ ਸਮ੍ਰਿੱਧ ਬਣਾਉਣ ਦਾ ਪ੍ਰਯਾਸ

(ਸਫ਼ਾ 22 ਦੀ ਬਾਕੀ)

ਆਪ ਜੀ ਦਾ ਭਾਰੀ ਸਨਮਾਨ ਕੀਤਾ ਗਿਆ ਅਤੇ ਕਈ ਸਮਾਗਮ ਕੀਤੇ ਗਏ। ਆਪ ਜੀ ਨੇ ਸਫਲ ਅਰਦਾਸ ਦੀ ਦੁਗਤਾ ਸਿਰਲੇਖ ਹੇਠ ਇਕ ਕਿਤਾਬਚਾ ਵੀ ਲਿਖਿਆ, ਜਿਸ ਵਿਚ ਅਰਦਾਸ ਦੇ ਤਕਰੀਬਨ ਹਰ ਪੱਖ ਤੇ ਵਿਚਾਰ ਕਰਦਿਆ, ਕੁੱਜੇ ਵਿਚ ਸਮੁੰਦਰ ਬੰਦ ਕਰਨ ਦਾ ਸਫਲ ਉਦਮ ਕੀਤਾ ਗਿਆ ਹੈ। ਇਸ ਪੁਸਤਕ ਨੂੰ ਪੜ੍ਹਿਆਂ ਇਕ ਅਦਭੁੱਤ ਰਹੱਸ ਤੇ ਆਨੰਦ ਪਰਾਪਤ ਹੁੰਦਾ ਹੈ। ਇਹ ਨਿੱਕੀ ਜਿਹੀ ਪੁਸਤਕ ਸਿੱਖਾਂ ਦੇ ਵੱਡੇ ਵੱਡੇ ਤੇ ਗੁੱਝੇ ਭਾਵਾਂ ਨੂੰ ਉਜਾਗਰ ਕਰਦੀ ਹੈ ਅਤੇ ਟੁੱਟੇ ਦਿਲਾਂ ਨੂੰ ਧਰਵਾਸ ਬੰਨ੍ਹਦੀ ਹੈ ਕਿ ਸਿਦਕ ਦਿਲੀ ਨਾਲ ਕੀਤੀ ਅਰਦਾਸ ਕਦੇ ਬਿਰਥਾ ਨਹੀਂ ਹੁੰਦੀ।

ਆਪ ਜੀ ਦੇ ਕੀਰਤਨ ਤੇ ਵਿਆਖਿਆ ਵਿਚ ਇਕ ਅਜਿਹੀ ਕਸ਼ਿਸ਼ ਸੀ ਕਿ ਸੁਣਨ ਵਾਲਾ ਕੀਲਿਆ ਜਾਂਦਾ ਸੀ। ਆਪ ਕਹਿਣੀ ਅਤੇ ਕਥਨੀ ਦੇ ਵੀ ਪੱਕੇ ਸਨ। ਕੀਰਤਨ ਕਦੇ ਵੀ ਪੈਸੇ ਲਈ ਨਹੀਂ ਕੀਤਾ। ਆਪ ਹਮੇਸ਼ਾਂ ਇਹ ਆਖਦੇ "ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ" ਆਪਨੇ ਹਮੇਸ਼ਾਂ ਸ਼ੁੱਧ ਰਾਗਾਂ ਤੇ ਨਿਰਧਾਰਤ ਨਿਯਮਾਂ ਅਨੁਸਾਰ ਹੀ ਕੀਰਤਨ ਕੀਤਾ।

ਸਮੁੱਚਾ ਜੀਵਨ ਗੁਰੂ ਘਰ ਦੀ ਸੇਵਾ ਕਮਾਉਂਦਿਆਂ 17 ਫਰਵਰੀ 1991 ਐਤਵਾਰ ਆਪਣਾ ਪੰਜ ਭੂਤਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਜਿਨ੍ਹਾਂ ਰੂਹਾਂ ਨੇ ਆਪ ਦੇ ਦਰਸ਼ਨ ਕੀਤੇ ਅਤੇ ਵਿਆਖਿਆਵਾਨ ਸੁਣੇ ਹਨ, ਉਹ ਜੀਵਨ ਭਰ ਉਹਨਾਂ ਨੂੰ ਅਥਾਹ ਸ਼ਰਧਾ ਨਾਲ ਯਾਦ ਕਰਦੀਆਂ ਰਹਿਣਗੀਆਂ।

— 0 —

## ਕੇਦਾਰਾ ਮਹਲਾ ੫ ਘਰ ੪ (੧੧੧੯)

ਸਰਨੀ ਆਇਓ ਨਾਥ ਨਿਧਾਨ ॥
ਨਾਮ ਪ੍ਰੀਤਿ ਲਾਗੀ ਮਨ ਭੀਤਰਿ, ਮਾਗਨ ਕਉ ਹਰਿ ਦਾਨ ।੧। ਰਹਾਉ ।
ਸੁਖਦਾਈ ਪੂਰਨ ਪਰਮੇਸੁਰ, ਕਰਿ ਕਿਰਪਾ ਰਾਖਹੁ ਮਾਨ ॥
ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ, ਹਰਿ ਗੁਨ ਰਸਨ ਬਖਾਨ ।੧।
ਗੋਪਾਲ ਦਇਆਲ ਗੋਬਿੰਦ ਦਮੋਦਰ, ਨਿਰਮਲ ਕਥਾ ਗਿਆਨ ।
ਨਾਨਕ ਕਉ ਹਰਿ ਕੈ ਰੰਗਿ ਰਾਗਹੁ, ਚਰਨ ਕਮਲ ਸੰਗਿ ਧਿਆਨ ।੨।

ਅਰਥ :—ਹੇ ਨਾਥ ! ਹੇ (ਸਭ ਸੁਖਾਂ ਦੇ) ਖ਼ਜ਼ਾਨੇ ! ਮੇਰੇ ਮਨ ਵਿਚ ਤੇਰੇ ਨਾਮ ਦਾ ਪਿਆਰ ਪੈਦਾ ਹੋ ਗਿਆ ਹੈ। ਹੇ ਹਰੀ ! ਤੇਰੇ ਨਾਮ ਦਾ ਦਾਨ ਮੰਗਣ ਲਈ ਮੈਂ ਤੇਰੀ ਸਰਨ ਆਇਆ ਹਾਂ । ੧ । ਰਹਾਉ ।

ਹੇ ਸੁਖ ਦਾਤੇ ! ਹੇ ਸਰਬ ਗੁਣ ਭਰਪੂਰ ! ਹੇ ਸਭ ਤੋਂ ਉੱਚੇ ਮਾਲਕ ! ਮਿਹਰ ਕਰ, (ਮੇਰੀ ਸਰਨ ਪਏ ਦੀ) ਲਾਜ ਰੱਖ । ਹੇ ਸੁਆਮੀ ! ਗੁਰੂ ਦੀ ਸੰਗਤਿ ਵਿਚ (ਰੱਖ ਕੇ ਮੈਨੂੰ ਆਪਣਾ) ਪਿਆਰ ਬਖ਼ਸ਼ । ਹੇ ਹਰੀ ! ਮੇਰੀ ਜੀਭ ਤੇਰੇ ਗੁਣ ਉਚਾਰਦੀ ਰਹੇ ।੧।

ਹੇ ਗੋਪਾਲ ! ਹੇ ਦਇਆਲ ! ਹੇ ਗੋਬਿੰਦ ! ਹੇ ਦਮੋਦਰ ! ਮੈਨੂੰ ਆਂਪਣੀ ਪਵਿੱਤਰ ਸਿਫ਼ਤਿ ਸਾਲਾਹ ਦੀ ਸੂਝ (ਬਖ਼ਸ਼) ! ਹੇ ਹਰੀ ! ਨਾਨਕ ਨੂੰ ਆਪਣੇ (ਪਿਆਰ) ਰੰਗ ਵਿਚ ਰੰਗ ਦੇਹ । (ਨਾਨਕ ਦੀ) ਸੁਰਤਿ ਤੇਰੇ ਸੋਹਣੇ ਚਰਨਾਂ ਵਿਚ ਟਿਕੀ ਰਹੇ ।੨।੧।੩।

# ਸ਼ਬਦ ਸੰਗੀਤ ਲਿਪੀ  ਰਾਗ ਕੇਦਾਰਾ

ਉੱਤਮ ਸਿੰਘ ਐਮ. ਏ,
(ਸੰਗੀਤ)

ਅਰੋਹ : ਸ ਮ, ਮ ਪ, ਧਪ, ਨੀ ਧ S ਸਂ
ਅਵਰੋਹ : ਸਂ ਨੀ ਧ ਪ, ਮੇ ਪ ਧ ਪ ਮ, ਰੇ ਸ
ਵਾਦੀ ਸ  ਥਾਟ ਕਲਿਆਣ  ਜਾਤੀ – ਔੜਵ – ਸ਼ਾੜਵ
ਸੰਵਾਦੀ – ਮ  ਸਮਾਂ — ਰਾਤ ਦਾ ਪਹਿਲਾ ਪਹਿਰ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | ਸਂ | ਧ | ਪ | ਮੇ | ਪ | ਧ | ਪ |
| | | | | | | | | | ਸਰ | ਨੀ | S | ਆ | S | ਇਓ | S |
| ਮ | — | ਰ | ਸ | ਰ | — | ਸ | — | — | ਸ | ਮ | ਮ | ਮ | — | ਮ | ਗ |
| ਨਾ | S | ਬ | ਨਿ | ਧਾ | S | S | S | ਨ | ਨਾ | S | ਮੁ | ਪ੍ਰੀ | S | ਤਿ | ਲਾ |
| ਪ | ਮੇ | ਧ | ਪ | ਮ | — | ਰ | ਸ | — | ਸਂ | ਸਂ | ਨ | ਧ | ਨ | ਸਂ | ਰਂ |
| ਗੀ | S | ਮ | ਨ | ਭੀ | S | ਤ | ਰਿ | S | ਮਾਂ | ਗ | ਨ | ਕ | ਉ | ਹ | ਰਿ |
| ਸਂ | — | ਨੀ | ਸਂ | ਧ | — | ਪ | — | — | | | | | | | |
| ਦਾ | S | S | S | S | S | S | S | ਨ | | | | | | | |
| ਅੰਤਰਾ—1 | | | | | | | | | ਪ | ਪ | ਪ | ਨ | ਧ | ਨ | ਨ |
| | | | | | | | | | ਸੁ | ਖ | ਦਾ | ਈ | S | ਪੂ | S |
| ਸਂ | — | ਸਂ | ਸਂ | ਨ | ਰੇਂ | ਸਂ | — | — | ਸਂ | ਸਂ | ਨੀ | ਧ | ਨੀ | ਸਂ | ਰਂ |
| ਰ | ਨ | ਪ | ਰ | ਮੇ | S | ਸੁ | ਰ | S | ਕਰਿ | ਕਿਰ | ਪਾ | ਰਾ | S | ਖ | ਹੁ |
| ਸਂ | — | ਨੀ | ਸਂ | ਧ | — | ਪ | — | — | ਪ | ਪ | ਪ | ਨੀ | ਧ | ਨੀ | ਨੀ |
| ਮਾ | S | S | S | S | S | S | S | ਨ | ਦੇ | ਹੁ | ਪ੍ਰੀ | S | ਤਿ | ਸਾ | ਧੂ |
| ਸਂ | — | ਸਂ | ਸਂ | ਨ | ਰਂ | ਸਂ | — | — | ਸਂ | ਸਂ | ਨ | ਧ | ਨ | ਸਂ | ਰਂ |
| ਸੰ | S | ਗ | ਸੁ | ਆ | S | ਮੀ | S | S | ਹਰਿ | ਗੁ | ਨ | ਰ | ਸ | ਨ | ਬ |
| ਸਂ | — | ਨ | ਸਂ | ਧ | — | ਪ | — | -- | | | | | | | |
| ਖਾ | S | S | S | S | S | S | S | ਨ | | | | | | | |

ਸਰਗਮ ਪਹਿਲੇ ਅੰਤਰੇ ਵਾਲੀ ਰਹੇਗੀ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਅੰਤਰਾਂ 2 | | | | | | | | ਗੋ | ਪਾ | ਲ | ਦਇ | ਆ | S | ਲ | ਗੋ |
| ਬਿੰ | S | ਦ | ਦ | ਮੋ | S | ਦ | ਰ | S | ਨਿਰ | ਮ | ਲ | ਕ | ਥਾ | S | ਗਿ |
| ਆ | S | S | S | S | S | S | S | ਨ | ਨਾ | ਨ | ਕ | ਕ | ਉ | ਹ | ਰਿ |
| ਕੇ | S | ਰੰ | ਗ | ਰਾ | S | ਗ | ਹੁ | S | ਚਰ | ਨ | ਕ | ਮ | ਲ | ਸੰ | ਗਿ |
| ਧਿਆ | S | S | S | S | S | S | S | ਨ | | | | | | | |

# "ਫ਼ਨੇ-ਕੱਵਾਲੀ ਅਤੇ ਇਸ ਫ਼ਨ (ਹੁਨਰ) ਦੇ ਕਲਾਕਾਰ ਕੱਵਾਲ"

ਟੀ. ਸੀ. ਨਾਗਪਾਲ

ਕੱਵਾਲੀ ਅਤੇ ਕੱਵਾਲ ਦੋਨੋਂ ਅਰਬੀ ਲਫ਼ਜ਼ ਹਨ। ਕਵਾਲੀ ਦੇ ਵੀ ਮਾਅਨੇ ਹਨ (ਸੂਫ਼ੀਆਨਾ ਅਰਫ਼ਾਨਾ ਅਤੇ ਮੁਹਜ਼ਬ ਰਾਹੇ-ਰਾਸਤੀ ਦੀਨਦਾਰੀ ਦੀਆਂ ਹਦਾਇਤਾਂ ਦੇ ਕਲਾਮ ਦੀ ਗਾਇਕੀ) ਅਤੇ (ਕੱਵਾਲ ਦੇ ਮਾਅਨੇ ਹਨ : ਉਪਰੋਕਤ ਕਲਾਮ ਦਾ ਗਾਇਕ) ਸੋ: ਜਿੱਥੇ ਗਾਇਕੀ ਯਾ ਗਾਇਕ ਦਾ ਜ਼ਿਕਰ ਹੋਊ ਉੱਥੇ ਸਭ ਤੋਂ ਪਹਿਲੇ ਫ਼ਨੇ-ਮੌਸੀਕੀ ਦੀ ਅਹਿਮੀਅਤ ਨੂੰ ਅਵਸ਼ ਹੀ ਕਬੂਲਨਾ ਪਊ। ਗਾਇਕੀ ਵੀ ਦਾਸ ਦੇ ਵਿਚਾਰ ਵਿੱਚ ਕਈ ਕਿਸਮ ਦੀ ਹੈ। ਭੰਡਾਂ ਦੀ ਡਬਰੂ ਨਾਲ ਗਾਇਕੀ ਭੀ ਇਕ ਕਿਸਮ ਦੀ ਗਾਇਕੀ ਹੈ। ਮਿਸਾਲ ਵਜੋਂ— (ਆ ਜਾ ਵੇ ਮਾਂ ਦਿਆ ਲਾਡਲਾ : ਆ ਵੇ ਮਾਂ ਦਿਆ ਬੰਨਾ) ਸੰਸਾਰ ਵਿੱਚ ਇਹਨਾਂ ਨੂੰ ਸੁਣਨ ਵਾਲੇ ਤੇ ਰੀਝਣ ਵਾਲੇ ਵੀ ਮੌਜੂਦ ਹਨ। ਦੂਜੇ ਪਾਸੇ ਚੋਟੀ ਦੇ ਉਸਤਾਦ ਕਿਸਮ ਦੇ ਕਲਾਸੀਕਲ ਗਾਇਕ, ਧਰੁਪਦ ਧਮਾਰ, ਅਤੇ ਦਰਬਾਰੀ ਆਦਿਕ ਗਾਉਣ ਵਾਲੇ ਵੀ ਹਨ। ਇਹਨਾਂ ਤੋਂ ਲੁਤਫ ਅੰਦੋਜ਼ ਹੋਣ ਵਾਲੇ ਸਰੋਤੇ ਭੀ ਘੱਟ ਨਹੀਂ। ਜੰਨਤ ਨਸੀਬ ਭਾਈ ਮੋਤੀ ਰਬਾਬੀ ਵਰਗੇ ਸ਼ਬਦ ਗਾਇਕ (ਜਿਨ੍ਹਾਂ ਨੂੰ ਦਾਸ ਨੇ ਜਾਤੀ ਤੌਰ ਤੇ ਨਾ ਕਦੇ ਦੇਖਿਆ ਸੀ ਤੇ ਨਾਂ ਹੀ ਸ੍ਰਵਣ ਕੀਤਾ ਸੀ) ਭੀ ਇਕ ਕਿਸਮ ਦੇ ਨਾ-ਨਜ਼ੀਰ ਗਾਇਕ ਸਨ। ਕਿਹਾ ਜਾਂਦਾ ਹੈ ਕਿ ਇਹ ਸੱਜਣ ਜਦ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿੱਚ ਰੱਬੀ ਕਲਾਮ (ਗੁਰਬਾਣੀ) ਦਾ ਸੰਗੀਤ ਦੀ ਚਾਸ਼ਨੀ ਵਿੱਚ ਭਿਗੋਕੇ ਆਪਣੇ ਉਸਤਾਦਾਨਾ ਫ਼ਨ ਦਾ ਮੁਜ਼ਾਹਰਾ ਕਰਦੇ ਸਨ ਤਾਂ ਅਹਿਲੇ ਨਜ਼ਰ ਸਰੋਤੇ ਇਹਨਾਂ ਤੋਂ ਵਾਰੀ ਘੋਲੀ ਜਾਂਦੇ ਸਨ। ਆਮ ਦਰਮਿਆਨੀ ਹੈਸੀਅਤ ਦੇ ਲੋਕ ਵੀ ਵਜਦ ਸਰੂਰ ਵਿੱਚ ਆ ਕੇ ਇਤਨੇ ਪ੍ਰਭਾਵਿਤ ਹੁੰਦੇ ਕਿ ਉਹਨਾਂ ਦਾ ਕਿਸੇ ਧਰਮ, ਮਜ਼ਹਬ ਦੀ ਪਕੜ ਤੋਂ ਬਗੈਰ ਹੀ ਜੀ ਕਰਦਾ ਕਿ ਘਰ ਟੱਬਰ ਦੀ ਫੇਰ ਵੇਖੀ ਜਾਊ ਜੋ ਕੁਝ ਜੇਬ ਵਿੱਚ ਹੈ ਭਾਈ ਸਾਹਿਬ ਦੀ ਨਜ਼ਰ ਕਰ ਦੇਈਏ। ਦਾਸ ਦਾ ਇਕ ਸਿੱਖ ਸੱਜਣ (ਸਵਰਨਕਾਰ ਕਲਾਸ ਫੈਲੋ) ਜੋ ਕਿ ਮੇਰੀ ਉਮਰੋਂ ਕੁਝ ਮਹੀਨੇ ਵੱਡਾ ਹੀ ਹੈ ਦੋ ਢਾਈ ਮਹੀਨੇ ਪਹਿਲਾਂ ਇਤਫ਼ਾਕ ਨਾਲ ਬਾਜ਼ਾਰ ਵਿਚ ਮਿਲ ਪਿਆ। ਗੱਲਾਂ 'ਚੋਂ ਗੱਲ ਨਿਕਲੀ ਅਤੇ ਉਸਨੇ ਜੋ ਆਪਣੇ ਪਿਤਾ ਜੀ ਤੋਂ ਸੁਣਿਆ ਸੀ (ਭਾਈ ਮੋਤੀ ਰਬਾਬੀ ਮਜ਼ਕੂਰ ਬਾਰੇ) ਦਾਸ ਨੂੰ ਇੰਜ ਦੱਸਿਆ "ਕਿ ਆਪ ਜੀ ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਸ਼ਬਦ ਕੀਰਤਨ ਕਰ ਰਹੇ ਸਨ ਕਿ ਅਮੀਰ-ਕਾਬੁਲ ਦੇ ਕੋਈ ਖ਼ਾਸ ਸਰਕਾਰੀ ਨੁਮਾਇੰਦੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਦਰਸ਼ਨ-ਦੀਦਾਰ ਨੂੰ ਆ ਨਿਕਲੇ। ਆਪ ਨੇ ਮੌਕੇ ਮਹਿਲ ਨੂੰ ਸਮਝਿਆ ਅਤੇ (ਮਕਬੂਲ ਬਾਣੀ) ਭਾਈ ਨੰਦ ਲਾਲ ਜੀ ਦੀ ਫ਼ਾਰਸੀ ਕਲਾਮ ਨੂੰ ਰੰਗਾ ਰੰਗ ਮੌਸੀਕੀ ਵਿੱਚ ਆਪਣੀ ਬੁਲੰਦ-ਬਾਂਗ ਰਸੀਲੀ ਆਵਾਜ਼ ਵਿੱਚ ਗਾਉਣਾ ਅਰੰਭ ਕਰ ਦਿਤਾ। ਦੋ ਚਾਰ ਮਿੰਟ ਦੀ ਗਾਇਕੀ ਤੋਂ ਹੀ ਉਹ ਕੱਵਾਲੀ

ਨੁਮਾਇੰਦੇ ਜ਼ਬਰਦਸਤ ਪ੍ਰਭਾਵਿਤ ਹੁੰਦੇ ਹੋਏ ਬੜੇ ਅਦਬ ਅਹਿਤਰਾਮ ਨਾਲ ਬੈਠ ਗਏ ਅਤੇ ਭਾਈ ਸਾਹਿਬ ਦੀ ਪੂਰੀ-ਚੌਕੀ ਦਾ ਸਮਾਂ ਸ੍ਰਵਣ ਕੀਤਾ। ਸਰੂਰ, ਰਸ ਵਿਚ ਮਗਨ ਹੁੰਦੇ ਹੋਏ ਭਾਈ ਸਾਹਿਬ ਦੀ ਕਲਾਕਾਰੀ ਉਪਰ ਤਾਂ ਮਾਨੋ ਇਹ ਪ੍ਰਾਹੁਣੇ ਸੱਜਣ ਲੱਟੂ ਹੀ ਹੋ ਗਏ। ਉਰਦੂ ਦਾ ਇਕ ਸ਼ੇਅਰ ਹੈ ਕਿ

"ਗਰ ਅਹਿਲੇ ਨਜ਼ਰ ਹੋਂ ਸਾਮ੍ਹਨੇ ਤੋ ਕੋਈ ਬਾਤ ਭੀ ਕਰੇਂ,
ਵਰਨਾ ਯੂ ਹੀ ਸੁਖਨ ਕੀ ਬੇ-ਹੁਰਮਤੀ ਨ ਹੋ।"

ਇਸ ਸ਼ੇਅਰ ਦਾ ਅੱਖਰੀ ਅਰਥ ਤਾਂ ਕੁਝ ਇੰਜ ਹੈ ਕਿ ਜੇਕਰ ਸਾਮ੍ਹਣੇ ਕੋਈ ਸੂਝਵਾਨ ਹੋਸ਼ਮੰਦ ਜਗਿਆਸਾ ਬ੍ਰਿਤੀ ਵਾਲੇ ਸੱਜਣ ਮੌਜੂਦ ਹੋਣ ਤਾਂ ਫਿਰ ਵਕਤੇ ਜਾਂ ਬੁਲਾਰੇ ਨੂੰ ਜਾਂ ਕਲਾਕਾਰ ਨੂੰ ਰਮਜ਼ ਵਾਲੀ ਉਚੇਰੀ ਵਜ਼ਨਦਾਰ ਗੱਲ ਕਰਨ ਦਾ ਵੀ ਸੁਆਦ-ਲੁਤਫ਼ ਆਉਂਦਾ ਹੈ। ਨਹੀਂ ਤਾਂ ਖ਼ਤੀਬ, ਬੁਲਾਰੇ, ਗਾਇਕ ਜਾਂ ਕਿਸੇ ਹੋਰ ਕਸਬ ਦੇ ਕਲਾਕਾਰ ਨੂੰ ਐਵੇਂ ਹੀ ਡਰ ਹੀ ਬਣਿਆ ਰਹਿੰਦਾ ਹੈ ਕਿ ਕਿਧਰੇ ਦੂਜੇ ਦੀ ਨਾ-ਸਮਝੀ ਕਾਰਨ ਮੇਰੀ ਕਲਾ, ਹੁਨਰ ਜਾਂ ਕਹੀ ਦੱਸੀ, ਸੁਣਾਈ ਗੱਲ ਦੀ ਤੌਹੀਨ ਹੀ ਨਾ ਹੋਵੇ। ਪਰ ਇੱਥੇ ਸ਼ੇਅਰ ਤੋਂ ਦਾਸ ਦਾ ਭਾਵ-ਅਰਟ ਇਹ ਹੈ ਕਿ ਭਾਈ ਸਾਹਿਬ ਭਾਈ ਮੋਤੀ ਜੀ ਨੇ ਭਾਂਪ ਲਿਆ ਕਿ ਹੀਰੇ ਪੰਨੇ ਮੋਤੀ ਦਾ ਗਾਹਕ ਹੁਣ ਮੇਰੇ ਸਾਮ੍ਹਣੇ ਮੌਜੂਦ ਹੈ ਇਸ ਲਈ ਮੈਨੂੰ ਹਰ ਤਰ੍ਹਾਂ ਦੇ ਮੁਤਬਰਿਕ ਰੱਬੀ ਕਲਾਮ ਅਤੇ ਉਸਤਾਦਾਨਾਂ ਫ਼ਨ ਰੂਪੀ ਜਵਾਹਰਾਤ ਇੱਥੇ ਬਿਖੇਰਨੇ ਹੀ ਬਣਦੇ ਹਨ। ਸੋ ਉਧਰ ਦੂਜੀ ਤਰਫੋਂ ਇਸ ਅੰਗਰੇਜ਼ੀ ਮੁਹਾਵਰੇ ਕਿ "Strike when iron is hot" ਨੂੰ ਅਨੁਭਵ ਕਰਦੇ ਆਪਣੇ ਤੋਂ ਵੱਧ ਜ਼ੋਰ ਤਰਾਣ ਲਗਾਂਦੇ ਹੋਏ ਭਾਈ ਸਾਹਿਬ ਨੇ ਵੀ ਸਾਜ਼ ਅਤੇ ਆਵਾਜ਼ ਰਾਹੀ ਅਪਣੀ ਭਰਪੂਰ ਕਲਾਕਾਰੀ ਦੀ ਉਹ ਨੁਮਾਇਸ਼ ਕੀਤੀ ਕਿ ਬਸ (ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਣੁ) ਵਾਜਹਿ ਹੈ ਕਿ ਜਿੱਥੇ ਭਾਈ ਸਾਹਿਬ ਨੇ ਸਰੋਤਿਆਂ ਲਈ ਇਤਨਾ ਅਨੰਦ ਅਤੇ ਰਸ ਮਈ ਮਾਹੌਲ ਪੈਦਾ ਕੀਤਾ। ਉਹਨਾਂ ਖ਼ੁਦ ਭੀ ਇਸ ਰੱਬੀ-ਕਲਾਮ ਦੀ ਉਸਤਾਦਾਨਾ ਗਾਇਕੀ ਅਤੇ ਫ਼ਨਕਾਰੀ ਤੋਂ ਅਵੱਸ਼ ਹੀ ਸਰੂਰ ਅਤੇ ਲੁਤਫ਼ ਮਾਣਿਆ ਹੀ ਹੋਊ। ਅਸਲ (ਪੁਰ-ਖਲੂਸ-ਤੱਬਾ) ਕਲਾਕਾਰ ਹੀ ਉਹੀ ਹੁੰਦਾ ਹੈ ਜੋ ਆਪ ਸਵਾਦ ਨਹੀਂ ਮਾਣ ਸਕਦਾ ਉਹ ਦੂਜਿਆਂ ਨੂੰ ਵੀ ਕੋਈ ਖ਼ਾਸ ਵਜਦ ਵਿਚ ਨਹੀਂ ਲਿਆ ਸਕਦਾ। ਸਾਡੇ ਮੌਜੂਦਾ ਕਲਾਕਾਰਾਂ ਨੂੰ ਵੀ ਇਹ ਪੈਮਾਨਾ ਜ਼ੇਰੇ-ਗ਼ੌਰ ਰਖਣਾ ਚਾਹੀਦਾ ਹੈ।

ਹਾਂ ਤਾਂ ਕਿਹਾ ਜਾਂਦਾ ਹੈ ਕਿ ਉਹ ਕਾਬੁਲੀ ਸਰਕਾਰੀ ਨੁਮਾਇੰਦਾ ਜਦੋਂ ਦਿਲੋਂ ਮਨੋਂ ਭਾਈ ਸਾਹਿਬ ਦੀ ਫ਼ਨਕਾਰੀ ਤੋਂ ਇਤਨਾ ਸ਼ਦੀਦ ਮੁਤਾਸਿਰ ਹੋਇਆ ਤਾਂ ਉਸਨੇ ਭਾਈ ਸਾਹਿਬ ਨੂੰ ਕਾਬੁਲ ਪੁੱਜਣ ਦੀ ਬੇਨਤੀ ਕੀਤੀ ਜਿਸ ਲਈ ਕਿ ਭਾਈ ਸਾਹਿਬ ਰਜ਼ਾਮੰਦ ਹੋ ਗਏ ਅਤੇ ਆਖ਼ੀਰ ਹਰ ਤਰਾਂ ਦੇ ਸਰਕਾਰੀ (ਅਫ਼ਗਾਨੀ) ਖਰਚੇ ਤੇ ਕਾਬੁਲ ਗਏ।

ਤਾਂ ਖ਼ੈਰ ਦਾਸ ਦੇ ਇਸ ਮਜ਼ਮੂਨ ਦਾ ਸਿਰਲੇਖ (ਫ਼ੱਨੇ ਕੱਵਾਲੀ ਅਤੇ ਇਸ ਦੇ ਕਲਾਕਾਰ ਕੱਵਾਲ) ਹੈ ਅਤੇ ਉਪਰ ਫ਼ਿਲਹਾਲ ਦਾਸ ਨੇ ਅਜੇ ਫ਼ੱਨੇ ਕੱਵਾਲੀ ਦੇ ਸਾਧਾਰਣ ਜਿਹੇ ਮਾਅਣੇ ਹੀ ਬਿਆਨੇ ਹਨ ਅਤੇ ਇਵੇਂ ਹੀ ਇਸ ਦੇ ਗਾਇਕ (ਕੱਵਾਲ) ਦਾ ਅਰਥ ਦੱਸਿਆ ਹੈ

ਪਰ ਦਰਅਸਲ ਕੱਵਾਲੀ ਆਪਣੇ ਅੰਦਰ ਕਈ ਇਤ ਗੁਣ ਖੂਬੀਆਂ ਸਮੇਟੇ ਦਰਜਨਾਂ ਮੁਖ਼ਤ-ਲਿਫ਼ ਰੰਗਾ ਰੰਗ ਆਭੂਸ਼ਣਾਂ ਨਾਲ ਸਜੀ ਸਵੰਰੀ ਇਕ ਹੋਣਹਾਰ ਬਾ-ਇਖ਼ਲਾਕ ਵ ਮੁਹਜ਼ਬ ਦੁਲਹੱਨ ਹੈ। ਇਸ ਲਈ ਇਸਦੀ ਗਾਇਕੀ ਭੀ ਕੋਈ ਪੇਂਡੂ ਔਰਤਾਂ ਦੀ ਢੋਲਕ ਗੀਤਾਂ ਦੀ ਕੋਈ ਸੁਰੀ-ਬੇਸੁਰੀ ਸਾਦੀ ਧਾਰਨਾ ਦੀ ਗਾਇਕੀ ਨਹੀਂ ਜੋ ਹਰ ਜਾਣ-ਅਣਜਾਣ ਇਸਦੀ ਸਹੀ ਢੰਗ ਨਾਲ ਗਾਇਕੀ ਪੇਸ਼ ਕਰ ਸਕੇ। ਇਸ ਲਈ ਜਿੱਥੇ ਕਵਾਲੀ ਵੀ ਇਤਨੀ ਸ਼ਦੀਦ ਮਹੱਤਤਾ ਹੈ। ਉੱਥੇ ਇਸਦੇ ਸਹੀ ਗਾਇਕ (ਕੱਵਾਲ) ਦੀ ਭੀ ਇਕ ਵਿਲੱਖਣ ਮਹੱਤਤਾ ਅਤੇ ਅਹਿਮੀਅਤ ਹੈ।

ਹਕੀਕਤਨ ਕੱਵਾਲੀ-ਗਾਇਕੀ ਸਾਡੇ ਮੁਸ਼ਤਰਕਾ ਹਿੰਦੋਸਤਾਨ ਵਿਚ ਕਈ ਸਦੀਆਂ ਤੋਂ ਚਲੀ ਆ ਰਹੀ ਹੈ ਅਤੇ ਖ਼ਾਸ ਕਰ ਇਹ ਬਜ਼ੁਰਗਾਨੇ-ਦੀਨ ਮੁੱਤਕੀ (ਪ੍ਰਹੇਜ਼ਗਾਰਾਂ) ਯਾਨੀ "ਜਿਨੀ ਚੱਲਣ ਜਾਣਿਆ ਸੇ ਕਿਉ ਕਰਹਿ ਵਿਥਾਰ।" "ਗਤ ਕਾਰਣ ਹਨ ਸੰਚੀਐ : ਭਲੇਕ ਚਲਣ ਹੋਇ" ਜੈਸੇ ਮਹਾਨ ਗੁਰਵਾਕਾਂ ਦਾ ਅਜਿਹੀ ਹੋਰ ਪਾਕ ਕਲਾਮ ਨੂੰ ਅਨੁਭਵ ਕਰਨ ਵਾਲੇ : ਰਾਹੇ ਰਾਸਤੀ ਤੇ ਚੱਲਣ ਵਾਲੇ ਮਹਾਨ ਦਰਵੇਸ਼ਾਂ, ਸੂਫ਼ੀਆਂ ਸੰਤਾਂ ਪੀਰਾਂ ਰੱਬ ਰਸੀਦਾਂ ਬਜ਼ੁਰਗਾਂ ਦੀਆਂ ਦਰਗਾਹਾਂ, ਆਸਤਾਨਿਆਂ ਚੌਖਟਾਂ ਉਪਰ ਗਾਈ ਵਜਾਈ ਜਾਂਦੀ ਰਹੀ ਹੈ। ਦੀਨੀ (ਅੱਲ੍ਹਾ ਦੇ ਪਿਆਰ ਵਾਲੀਆਂ ਹਸਤੀਆਂ) ਦੇ ਉਰਸਾਂ, ਮੇਲਿਆਂ, ਤਿਉਹਾਰਾਂ ਉਪਰ ਭੀ ਇਸਦੀ ਗਾਇਕੀ ਜਾਂ ਗਵਾਈ ਇਕ ਖ਼ਾਸ ਮਹਾਨਤਾ ਰਖਦੀ ਹੈ ਅਤੇ ਹੁਣ ਵੀ ਥਾਂ ਥਾਂ ਗਾਈ ਵਜਾਈ ਜਾਂਦੀ ਹੈ ਅਤੇ ਇਸ ਕਲਾ ਤੇ ਇਸ ਦੇ ਕਲਾਕਾਰਾਂ ਨੂੰ ਸਾਡੇ ਹੋਇ ਬੀਤੇ ਮੁਲਕ ਦੇ ਮੁਸਲਮਾਨ ਬਾਦਸ਼ਾਹਾਂ ਦਾ ਖ਼ਸੂਸੀ ਸਰੰਖ਼ਸ਼ਣ, ਮਾਲੀ ਇਮਦਾਦ ਅਤੇ ਦਾਦੋ ਤਹਿਸੀਨ ਦੇ ਜ਼ਰੀਏ ਜ਼ੋਰਦਾਰ ਹੌਸਲਾ-ਅਫ਼ਜਾਈ ਅਤੇ ਤਹੱਫੁਜ਼ ਪ੍ਰਾਪਤ ਰਿਹਾ ਹੈ।

ਹਾਂ ਤਾਂ ਪਹਿਲਾ ਕੱਵਾਲੀ ਦਾ ਮੁਢਲਾ ਗੁਣ ਇਹ ਹੈ ਕਿ ਇਸ ਦੀ ਕਲਾਮ ਨਹਾਇਤ ਮੁਹੱਜ਼ਬ ਰੱਬੀ-ਹਮਦੋ-ਸੱਨਾ ਅਤੇ ਫ਼ਸੀਲਤੇ-ਮਰਸ਼ਦ ਦਾ ਇਜ਼ਹਾਰ ਕਰਨ ਵਾਲੀ ਅਤੇ ਸਰਾਤੇ-ਮੁਸਤੀਕੀਮ ਯਾਨੀ ਰਾਹੇ ਰਾਸਤੀ ਤੇ ਚੱਲਕੇ ਹਿਯਾਤੀ ਗੁਜ਼ਾਰਨ ਦੀ ਤਲਕੀਨ ਕਰਨ ਵਾਲੀ ਅਥਵਾ ਅਦਬੋ ਇਖ਼ਲਾਕ ਦੀ ਰੌਸ਼ਨੀ ਬਿਖੇਰਨ ਵਾਲੀ ਹੁੰਦੀ ਹੈ। ਉਪਰੰਤ ਖੋਜੀ ਅਤੇ ਡੂੰਘੇ ਵਿਚਾਰਵਾਨ ਸਾਇਰਾਂ ਨੇ ਇਸਦੀ ਕਲਾਮ ਵਿਚ ਦੋਹਰੇ ਦੋਹਰੇ ਮਾਅਨਿਆਂ ਵਾਲੇ ਸ਼ੇਅਰ ਭੀ ਦਰਜ ਕਰ ਰੱਖੇ ਹਨ। ਜੋ ਕਿ ਸਾਮਈਨ ਯਾਨੀ ਸਰੋਤਿਆਂ ਨੂੰ ਕਈ ਤਰ੍ਹਾਂ ਦੀਆਂ ਹਦਾਇਤਾਂ ਅਤੇ ਸ਼ਬਕ ਆਮੋਜ਼ ਖ਼ਿਆਲ ਤਾਂ ਦੇਂਦੇ ਹੀ ਹਨ ਨਾਲ ਨਾਲ ਦਿਲ ਦੀ ਗਹਿਰਾਈ ਤੱਕ ਉੱਤਰ ਜਾਣ ਵਾਲੀ ਦਿਲਚਸਪੀ ਭੀ ਪ੍ਰਦਾਨ ਕਰਦੇ ਹਨ।

ਪੁਰਾਤਨ ਸਦੀਆਂ ਵਿਚ ਗਾਈ ਜਾ ਰਹੀ ਕੱਵਾਲੀ ਬਾਰੇ ਤਾਂ ਦਾਸ ਕਹਿ ਸਕਦਾ ਲੇਕਿਨ ਦੌਰੇ ਹਾਜ਼ਰ ਤਕ ਇਸਦੀ ਗਾਇਕੀ ਯਾ ਗਾਈ ਵਜਾਈ ਜਾ ਰਹੀ ਕੱਵਾਲੀ ਜਿਸ ਢੰਗ ਜਾਂ ਤੌਰ-ਤਰੀਕੇ ਤੱਕ ਅਪੜੀ ਹੈ ਉਹ ਕੁਝ ਇੰਜ ਹੈ :—

ਅਮੂਮਨ ਕੱਵਾਲੀ ਗਾਉਣ ਲੱਗੇ ਸਟੇਜ ਤੇ ਚਾਰ-ਪੰਜ ਕਲਾਕਾਰਾਂ ਤੋਂ ਲੈ ਕੇ ਨੌ ਦਸ ਕੱਵਾਲਾਂ ਦਾ ਗਰੁੱਪ ਬੈਠਦਾ ਹੈ। ਕਵਾਲ ਕਦੇ ਵੀ ਅੱਖ ਬੰਦ ਕਰਕੇ ਸਟੇਜ ਤੇ ਨਹੀਂ ਬੈਠਦੇ ਅਤੇ ਨਾ ਹੀ ਇੰਜ ਗਾਉਂਦੇ ਹਨ ਬਲਕਿ ਬਾਹੋਸ ਹੋ ਕੇ ਬੈਠੇ ਸਰੋਤਿਆਂ

ਵੱਲ ਪੂਰਾ ਧਿਆਨ ਰਖਦੇ ਹੋਏ ਬੈਠੀ ਪਬਲਿਕ ਤੇ hold ਰਖਦੇ ਹਨ। ਕੱਵਾਲ ਲੋਕ ਲੋਕ ਅਕਸਰ ਗਾਉਣ ਲੱਗੇ ਗੋਡੇ ਮੂਧੇ ਮਾਰ ਕੇ ਬੈਠਦੇ ਹਨ ਅਤੇ ਆਪਣੀ ਗਾਈ ਜਾ ਰਹੀ ਕਲਾਸ ਨੂੰ ਕੁਝ ਮਿੰਟਾਂ ਵਿਚ ਹੀ ਖ਼ਤਮ ਨਹੀਂ ਕਰ ਦਿੰਦੇ ਅਤੇ ਨਾਂ ਹੀ ਮਾਮੂਲੀ ਸਮੇਂ ਵਿਚ ਹੀ ਬਸ ਕੀਤੀ ਗਈ ਕੱਵਾਲੀ ਸਰੋਤਿਆਂ ਨੂੰ ਕੋਈ ਖ਼ਾਸ ਸਰੂਰ-ਲੁਤਫ਼ ਮੁੱਹਈਆ ਕਰ ਸਕਦੀ ਹੈ ਕਿਉਂਕਿ ਸਹੀ ਕੱਵਾਲੀ ਗਾਇਕੀ ਵਿਚ ਕਈ ਇਕ ਰੰਗ ਭਰਨੇ ਹੁੰਦੇ ਹਨ। ਇਸ ਲਈ ਇਹ ਲਗਾਤਾਰ ਕਈ ਕਈ ਘੰਟੇ ਚਲਦੀ ਹੈ। ਸਿਆਣੇ ਕੱਵਾਲਾਂ ਦੀ ਆਪਸ ਵਿਚ ਖ਼ਾਸ ਮਿਲਤ ਹੁੰਦੀ ਹੈ। ਜੋ ਕਿ ਉਸਤਾਦ ਜਾਂ ਸੀਨੀਅਰ ਕੱਵਾਲ ਦੀ ਗਾਇਕੀ ਦੇ ਬਾਦ ਦੂਜੇ ਵਾਰੀ ਦੇਂਦੇ ਹਨ। ਇਨਚਾਰਜ ਕੱਵਾਲ ਪਹਿਲਾਂ ਸਾਜ਼ਾਂ ਰਾਹੀਂ ਗਾਈ ਜਾਣ ਵਾਲੀ ਤਰਜ਼ ਜਾਂ ਧੁਨ ਦਾ ਮੌਸੀਕੀ ਜਾਂ ਰਾਗ ਦੁਵਾਰਾ ਕੁਝ ਮਿੰਟ ਨਕਸ਼ਾ ਬੰਨ੍ਹਦਾ ਹੈ ਅਤੇ ਸਪੱਸ਼ਟ ਧੁਨ ਭੀ ਵਜਾਈ ਜਾਂਦੀ ਹੈ। ਫਿਰ ਇਨਚਾਰਜ ਖ਼ੁਦ ਮੁਤੱਅਲਿਕਾ ਰਾਗ ਦਾ ਕੁਝ ਅਲਾਪ ਵਗੈਰਾ ਕਰਦਾ ਹੈ ਅਤੇ ਪੂਰ ਤਰਜ਼ ਦੀ ਗਾਇਕੀ ਪੇਸ਼ ਕਰਦਾ ਹੈ ਅਤੇ ਬਾਕੀ-ਨਵਾਂ (ਸਾਥੀ) ਉਵੇਂ ਹੀ ਤਰਜ਼ ਗਾਉਣ ਵਜਾਉਣ ਦਾ ਪਿੱਛੇ ਪਿੱਛੇ ਸਾਥ ਦਿੰਦੇ ਹਨ। ਕਈ ਸਿਆਣੇ ਸੁਲਝੇ ਇੰਨਚਾਰਜ-ਕੱਵਾਲ ਤਾਂ ਜਿਹੜਾ ਮਜ਼ਮੂਨ ਜਾਂ ਕਲਾਮ ਗਾਉਣ ਦਾ ਮਨ ਬਣਾਉਂਦੇ ਹਨ ਉਸ ਕਲਾਮ ਦੇ ਭਾਵਾਂ ਅਨੁਸਾਰ ਪਹਿਲੇ ਕੁਝ ਸ਼ਿਅਰ ਬਤੌਰ ਗਿਰਹਬਾਨੀ (ਪ੍ਰਮਾਣ) ਪਬਲਿਕ ਸਾਮ੍ਹਣੇ ਕੁਝ ਸੁਰ ਵਿਚ ਬੋਲ ਗਾ ਕੇ ਪੇਸ਼ ਕਰ ਦਿੰਦੇ ਹਨ। ਇੰਜ ਹੋਰ ਵੀ ਵੱਧ ਜਾਂਦਾ ਹੈ ਲੇਕਿਨ ਵਾਜ਼ਹ ਰਹੇ ਕਿ ਕੱਵਾਲ ਇੰਜ ਕੋਈ ਵਿਆਖਿਆ ਨਹੀਂ ਕਰਨ ਲੱਗ ਪੈਂਦੇ ਅਤੇ ਨਾਂ ਹੀ ਕਥਾਕਾਰ ਬਣ ਜਾਂਦੇ ਹਨ ਸੋ ਇਹ ਕੱਵਾਲੀ ਸਮੇਂ ਗਿਰਹ ਲਗਾਣ ਦੀ ਚਾਲ ਜਾਂ ਢੰਗ ਭੀ ਬਹੁਤ ਪ੍ਰਭਾਵਸ਼ਾਲੀ ਹੁਨਰ ਹੈ। ਤਜਰਬਾਕਾਰ ਕੱਵਾਲ ਸੁਦਾ ਧੁਨ ਜਾਂ ਤਰਜ਼ ਦੇ ਕੁਝ ਸ਼ਿਆਰ ਗਾਉਣ ਤੋਂ ਬਾਦ ਮੁੜ ਫਿਰ ਵਿਚ ਵਿਚ ਗਿਰਹ ਲਗਾਉਣ ਦਾ ਅਮਲ ਜਾਰੀ ਰਖਦੇ ਹਨ। ਤਰਜ਼ ਗਾਉਣ ਦੇ ਨਾਲ ਨਾਲ ਦੋ ਤਿੰਨ ਸੀਨੀ-ਅਰ-ਕੱਵਾਲ (ਇੰਨਚਾਰਜ-ਕੱਵਾਲੀ) ਦੀ ਕਾਫੀ ਮਦਦ ਕਰਦੇ ਹਨ। ਮੁਖ਼ਤਲਿਫ਼ ਸੁਰੀਲੀਆਂ, ਲਚੀਲੀਆਂ, ਥਰਥਰਾਂਦੀਆਂ ਆਵਾਜ਼ਾਂ ਲਗਾਦੇ ਹੋਇ ਉਸਨੂੰ ਸਾਹ ਦਵਾਉਂਦੇ ਹਨ ਕਿਉਂਕਿ ਇੰਨਚਾਰਜ ਨੇ ਮੁਖ਼ਤਲਿਫ਼ ਤਾਨਾਂ ਪਲਟਿਆਂ ਕਾਫੀ ਢੰਗਾਂ ਦੀਆਂ ਸਰਗਮਾਂ, ਮੁਰਕੀਆਂ ਰਾਗ ਰਾਗਨੀਆਂ ਦੇ ਅਲਾਪ ਰਾਹੀਂ ਤੇ ਸੁਰੀਲੀਆਂ ਲਚਕਦਾਰ ਆਵਾਜ਼ਾਂ ਦੇ ਰੰਗਾ-ਰੰਗ ਉਤਰਾਉ ਚੜ੍ਹਾਉ ਅਥਵਾ ਮੀਂਡ ਆਦਿਕ ਦਾ ਵੀ ਪ੍ਰਗਟਾਵਾਂ ਕਰਨਾ ਹੁੰਦਾ ਹੈ ਅਤੇ ਸਾਜ਼ ਤੇ ਆਵਾਜ਼ ਨੂੰ ਗਰਮ ਵੀ ਰੱਖਣਾ ਹੁੰਦਾ ਹੈ। ਸਿਆਣੇ ਫ਼ਨਕਾਰ ਗਾਇਕੀ ਵਿਚ ਕਿਉਂਕਿ ਵਕਫ਼ਾ ਨਹੀ ਛੱਡਦੇ। ਹੁਣ ਤਾਂ ਕੱਵਾਲ ਸੱਜਣ ਕਈ ਤੰਤੀ ਸਾਜ਼ ਵੀ ਵਰਤਣ ਲੱਗ ਪਏ ਹਨ। ਅਕਸਰ ਕੱਵਾਲ ਅੱਜ ਵੀ ਆਟੇ ਵਾਲਾ ਧਾਮਾ ਹੀ ਇਸਤੇਮਾਲ ਕਰਦੇ ਹਨ ਅਤੇ ਟਿੱਕੀ ਵਾਲੀ ਡੁੱਗ ਡੁੱਗੀ ਨਹੀਂ ਵਰਤਦੇ। ਜਿੱਥੇ ਕੱਵਾਲਾਂ ਦੀ ਗਵਾਈ ਸਰੋਤਿਆਂ ਨੂੰ ਮੁਤਾਸਿਰ ਕਰਦੀ ਹੈ ਉਥੇ ਇਹਨਾਂ ਦੇ ਸਾਜ਼ਾਂ ਦੀ ਵਜਾਈ ਭੀ ਕੋਈ ਘੱਟ ਅਸਰ ਨਹੀਂ ਰਖਦੀ। ਐਨ ਦਿਲ ਦਿਮਾਗ ਤੇ (ਤਬਲੇ ਦੀ ਧਮਕ) ਪੁਜ ਕੇ ਸਿਆਣੇ ਸਰੋਤੇ ਨੂੰ ਸਰੂਰ ਦਿੰਦੀ ਹੋਈ ਇਕਾਗਰ ਚਿਤ ਕਰ ਦਿੰਦੀ ਹੈ ਅਤੇ ਇੰਜ ਸਰੋਤਾ ਬਦੋ-ਬਦੀ ਬੇਅਖ਼ਤਿਆਰ ਵਾਹ ਵਾਹ ਕਰ ਉਠਦਾ ਹੈ।

(ਚਲਦਾ)